ਪਾਠ–1

# ਸੰਗੀਤ

## ਪਰਿਭਾਸ਼ਾ

ਸੰਗੀਤ ਸ਼ਬਦ ਸੰ+ਗੀ+ਤ ਤੋਂ ਬਣਿਆ ਹੈ ਜਿਸ ਦਾ “ਸੰ” ਦਾ ਅਰਥ ਹੈ ਸਵਰ, “ਗੀ” ਦਾ ਅਰਥ ਹੈ ਗਿਆਨ ਅਤੇ “ਤ” ਦਾ ਅਰਥ ਹੈ ਤਾਲ। ਇਸ ਤਰ੍ਹਾਂ ਸਵਰ, ਗਿਆਨ ਅਤੇ ਤਾਲ ਦੇ ਸਹਿਯੋਗ ਨਾਲ ਸੰਗੀਤ ਬਣਿਆ। ਭਾਰਤੀ ਸੰਗੀਤ ਵਿਚ ਤਿੰਨ ਕਲਾਵਾਂ ਆ ਜਾਂਦੀਆਂ ਹਨ ਗਾਇਨ, ਵਾਦਨ ਤੇ ਨਰਿਤ। ਇਹਨਾਂ ਤਿੰਨੋਂ ਕਲਾਵਾਂ ਦੇ ਸੰਗਮ ਨੂੰ ਹੀ ਸੰਗੀਤ ਕਹਿੰਦੇ ਹਨ। ਸੰਗੀਤ ਵਿਚ ਸਵਰ, ਭਾਸ਼ਾ, ਤਾਲ ਅਤੇ ਲੋਅ ਦਾ ਸਮਾਵੇਸ਼ ਹੁੰਦਾ ਹੈ ਇਸ ਲਈ ਇਹਨਾਂ ਚਾਰਾਂ ਦੇ ਮਿਲਦੇ ਰੂਪ ਨੂੰ ਹੀ ਸੰਗੀਤ ਕਹਿੰਦੇ ਹਨ।

“ਸੰਗੀਤ ਦਰਪਣ” ਦੇ ਰਚਇਤਾ ਦਮੋਦਰ ਪੰਡਿਤ ਸੰਗੀਤ ਦਾ ਜਨਮ ਬ੍ਰਹਮਾ ਦੁਆਰਾ ਮੰਨਦੇ ਹਨ। ਬ੍ਰਹਮਾ ਨੇ ਇਹ ਅੱਗੋਂ ਕਲਾ ਸ਼ਿਵਜੀ ਨੂੰ ਦਿੱਤੀ ਤੇ ਸ਼ਿਵ ਜੀ ਤੋਂ ਇਹ ਕਲਾ ਸਰਸਵਤੀ ਜੀ ਨੂੰ ਪ੍ਰਾਪਤ ਹੋਈ ਇਸੀ ਲਈ ਸਰਸਵਤੀ ਜੀ ਨੂੰ “ਵੀਣਾ ਪੁਸਤਕ ਧਾਰਣੀ” ਕਹਿੰਦੇ ਹਨ। ਫਿਰ ਇਹ ਸ਼ਿਕਸਾ ਸਰਸਵਤੀ ਜੀ ਤੋਂ ਨਾਰੰਦ ਜੀ ਨੂੰ ਦਿੱਤੀ ਜਿਹਨਾਂ ਨੇ ਸਵਰਗ ਲੋਕ ਦੀਆਂ ਅਪਸਰਾਵਾਂ ਨੂੰ ਸੰਗੀਤ ਸਿਖਾਇਆ ਤੇ ਧਰਤੀ ਤੇ ਆ ਕੇ ਆਪ ਰਿਸ਼ੀ ਮੁਨੀਆਂ ਨੂੰ ਵੀ ਸੰਗੀਤ ਸਿਖਾਇਆ।

ਆਦਿ ਕਾਲ ਤੋਂ ਹੀ ਮਨੁੱਖ ਨੇ ਮਧੁਰ ਧੁਨੀਆਂ ਦੀ ਪਹਿਚਾਣ ਬਹੁਤ ਬਰੀਕੀ ਨਾਲ ਕਰਨੀ ਸ਼ੁਰੂ ਕਰ ਦਿੱਤੀ ਜਦੋਂ ਉਹ ਬਾਸਾਂ ਦੀਆਂ ਮੋਰੀਆਂ ਵਿਚੋਂ ਆਵਾਜ ਸੁਣਦਾ ਤਾਂ ਉਸ ਨੂੰ ਲੈਅ ਵਿੱਚ ਨਿਕਲਦੀ ਧੁਨੀ ਵਿੱਚ ਸੰਗੀਤ ਸੁਣਦਾ ਇਸ ਤਰ੍ਹਾਂ ਉਹ ਸੰਗੀਤ ਦੀ ਸਿਰਜਣਾ ਕਰਨ ਲਗ ਪਿਆ। ਉਹ ਆਪ ਤਾਂ ਗਾਉਣ ਲੱਗਾ ਪ੍ਰੰਤੂ ਜਦੋਂ ਉਸ ਨੇ ਭਿੰਨ- ਭਿੰਨ ਵਸਤੂਆਂ ਨੂੰ ਆਪਸ ਵਿਚ ਵਜਾ ਕੇ ਸੰਗੀਤ ਦੀਆਂ ਧੁਨੀਆਂ ਕੱਢੀਆਂ ਤਾਂ ਉਹ ਇਨ੍ਹਾਂ ਧੁਨੀਆਂ ਨਾਲ ਉਸ ਨੇ ਲੈਅ ਤੇ ਤਾਲ ਸਹਾਰੇ ਆਪਣੇ ਸ਼ਰੀਰ ਨੂੰ ਵੀ ਨਚਾਣਾ ਸ਼ੁਰੂ ਕਰ ਦਿੱਤਾ ਇਸੀ ਤਰ੍ਹਾਂ ਇਸੀ ਆਧਾਰ ਤੇ ਗਾਇਨ ਵਾਦਨ ਤੇ ਨਰਿਤ ਇਹਨਾਂ ਤਿੰਨੋਂ ਕਲਾਵਾਂ ਦਾ ਜਨਮ ਹੋਇਆ।

ਸੰਗੀਤ ਵਿਚ ਅਜਿਹੀ ਕਲਾ ਤੋਂ ਜਿਸ ਵਿਚ ਅਸੀਂ ਬਾਹਰੀ ਸਾਧਨਾਂ ਨੂੰ ਪ੍ਰਯੋਗ ਕਰਨ ਤੋਂ ਬਿਨਾ ਆਪਣੇ ਮੰਨ ਦੇ ਭਾਵਾਂ ਦੀ ਪੇਸ਼ਕਾਰੀ ਕਰ ਸਕਦੇ ਹਾਂ। ਸੰਗੀਤ ਦੀਆਂ ਤਿੰਨ ਕਲਾਵਾਂ ਪ੍ਰਚਲਿਤ ਹਨ ਪਹਿਲੀ ਗਾਇਨ, ਗਾਇਨ ਉਸ ਸੰਗੀਤ ਨੂੰ ਕਹਿੰਦੇ ਹਨ ਜਦੋਂ ਅਸੀਂ ਸੁਰ ਤੇ ਲੈਅ ਦੇ ਨਾਲ ਆਪਣੇ ਕੰਠ ਦੁਆਰਾ ਕੁਝ ਗਾਉਂਦੇ ਹਾਂ ਇਸ ਸੰਗੀਤ ਦੇ ਅੰਤਰਗਤ ਸ਼ਾਸ਼ਤਰੀ ਸੰਗੀਤ, ਲੋਕ ਸੰਗੀਤ, ਸੁਗਮ ਸੰਗੀਤ ਆਦਿ ਆਉਂਦੇ ਹਨ। ਦੂਸਰਾ ਸੰਗੀਤ ਹੈ ਵਾਦਨ, ਜਦੋਂ ਅਸੀਂ ਕਿਸੀ ਵੀ ਸਾਜ ਤੇ ਸੁਰ ਤੇ ਲੋਅ ਨਾਲ ਵਜਾਉਂਦੇ ਉਹ ਵਾਦਨ ਸੰਗੀਤ ਹੈ ਇਸ ਸੰਗੀਤ ਦੇ ਅੰਤਰਗਤ, ਵਿੱਕਲ ਵਾਦਨ ਵਰਿੰਦਵਾਦਨ ਆਉਂਦੇ ਹਨ। ਤੀਸਰਾ ਸੰਗੀਤ ਹੈ ਨਰਿਤ, ਜਦੋਂ ਅਸੀਂ ਆਪਣੇ ਸਰੀਰ ਦੇ ਅੰਗਾਂ ਦੁਆਰਾ ਜਾਂ ਹੱਥ ਦੀਆਂ ਮੁਦਰਾਵਾਂ ਨੂੰ ਸੁਰ ਤੇ ਲੈਅ ਨਾਲ ਪ੍ਰਦਰਸ਼ਨ ਕਰਦੇ ਹਾਂ ਉਹ ਨਰਿਤ ਸੰਗੀਤ ਹੈ ਨਰਿਤ ਸੰਗੀਤ ਦੇ ਅੰਤਰਗਤ ਸ਼ਾਸਤਰੀ ਨਰਿਤ, ਸੁਗਮ ਨਰਿਤ ਅਤੇ ਲੋਕ ਨਰਿਤ ਆਉਂਦੇ ਹਨ ਇਹ ਤਿੰਨੋਂ ਕਲਾਵਾਂ ਇੱਕ ਦੂਸਰੇ ਤੇ ਅਧਾਰਿਤ ਹਨ।

ਸ਼ਾਰਗਦੇਵ ਨੇ ਆਪਣੀ ਪੁਸਤਕ "ਸੰਗੀਤ ਰਤਨਾਕਰ" ਵਿਚ ਲਿਖਿਆ ਹੈ ਕਿ ਗਾਇਨ, ਵਾਦਨ ਅਤੇ ਨਰਿਤ ਇਹਨਾਂ ਤਿੰਨੋਂ ਕਲਾਵਾਂ ਤੋਂ ਜੋ ਕਲਾ ਉਤਪਨ ਹੁੰਦੀ ਹੈ ਉਹ ਹੀ ਸੰਗੀਤ ਹੈ। ਭਰਤ ਮੁਨੀ ਜੀ ਨੇ ਸ਼ਾਰਗਦੇਵ ਦੀ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਸੀ ਅਤੇ ਇਹਨਾਂ ਤਿੰਨੋਂ ਕਲਾਵਾਂ ਦਾ ਵਰਣਨ ਉਹਨਾਂ ਨੇ ਆਪਣੇ ਗ੍ਰੰਥ ਵਿਚ ਕੀਤਾ ਸੰਗੀਤ ਹੀ ਐਸੀ ਕਲਾ ਹੈ ਜਿਸ ਦੁਆਰਾ ਮਨੁੱਖ ਲੌਕਿਕ ਅਤੇ ਪਰਲੌਕਿ ਸੁਖ ਅਤੇ ਸ਼ਾਤੀ ਨੂੰ ਮਾਣ ਸਕਦਾ ਹੈ ਇਸ ਲਈ ਸੰਗੀਤ ਨੂੰ ਉੱਚੀ-ਸੁੱਚੀ ਤੇ ਮਧੁਰ ਕਲਾ ਦਾ ਖਿਤਾਬ ਦਿੱਤਾ ਗਿਆ ਹੈ।

## ਆਰੋਹ

ਨੀਵੇਂ ਸਵਰ ਤੋਂ ਉੱਪਰ ਦੇ ਸਵਰਾਂ ਤੱਕ ਚੜਨ ਨੂੰ ਭਾਵ ਸਵਰਾਂ ਦੇ ਚੜਦੇ ਕ੍ਰਮ ਨੂੰ ਆਰੋਹ ਕਹਿੰਦੇ ਹਨ। ਜਿਵੇਂ ਸਾ, ਰੇ,ਗ,ਮ,ਪ,ਧ,ਨੀ। "ਮਤੰਗ ਮੁਨੀ" ਦਾ ਕਹਿਣਾ ਹੈ ਅਰੋਹ ਸਵਰਾਂ ਦੇ ਚੜਦੇ ਕ੍ਰਮ ਨੂੰ ਕਹਿੰਦੇ ਹਨ ਚਾਹੇ ਉਹ ਸਵਰ ਨਿਯਮਿਤ ਹੋਣ ਜਾਂ ਨਾ ਮਤਲਬ ਜਰੂਰੀ ਨਹੀਂ ਅਰੋਹ ਦੇ ਸਵਰਾਂ ਵਿੱਚ ਕ੍ਰਮ ਹੋਵੇ। ਰਾਗ ਦੇ ਚਲਨ ਅਨੁਸਾਰ ਸੁਰਾਂ ਦੀ ਉੱਚੀ ਆਵਾਜ ਦੀ ਤਰਫ ਸੁਰਾਂ ਦੇ ਚੜਦੇ ਕ੍ਰਮ ਵਿਚ ਗਾਣ-ਵਜਾਣ ਨੂੰ ਹੀ ਆਰੋਹ ਕਹਿੰਦੇ ਹਨ । ਆਰੋਹ ਦਾ ਕ੍ਰਮ ਕੇਵਲ ਮੱਧ ਸਪਤਕ ਹੀ ਰਹਿੰਦਾ ਹੈ ਕਿਉਂਕਿ ਆਰੋਹ ਇਕ ਆਧੁਨਿਕ ਰਾਗ ਲਕਸ਼ਣ ਹੈ।

## ਅਵਰੋਹ

ਸਵਰਾਂ ਦੇ ਉੱਤਰਦੇ ਕ੍ਰਮ ਨੂੰ ਅਸੀਂ ਅਵਰੋਹ ਕਹਿੰਦੇ ਹਾਂ ਭਾਵ ਉਪਰ ਤੋਂ ਨੀਵੇਂ ਸਵਰਾਂ ਨੂੰ ਕਹਿਣਾ ਹੀ ਅਵਰੋਹ ਕਹਾਉਂਦਾ ਹੈ। ਅਵਰੋਹ ਦਾ ਚਲਨ ਤਾਰ ਸੱਪਤਕ ਦੇ ਸਾਂ ਤੋਂ ਸ਼ੁਰੂ ਹੁੰਦਾ ਹੈ। ਅਵਰੋਹ ਵਿਚ ਵੀ ਜਰੂਰੀ ਨਹੀਂ ਸਵਰਾਂ ਦਾ ਨਿਯਮਿਤ ਕ੍ਰਮ ਹੋਵੇ। ਜਿਵੇਂ, ਸਾਂ ਨੀ ਧ ਪ ਮ ਗ ਰੇ ਸ ਸਵਰਾਂ ਦੇ ਵਕਰ ਰੂਪ ਵੀ ਆ ਸਕਦਾ ਹੈ।

## ਪਕੜ

ਸੰਗੀਤ ਦੇ ਹਰ ਭਾਗ ਵਿਚ ਕੁਝ ਸੁਰ ਸਮੂਹ ਐਸੇ ਹੁੰਦੇ ਹਨ ਜਿਹਨਾ ਸੁਰ ਸਮੂਹਾਂ ਨੂੰ ਗਾਉਣ ਜਾਂ ਵਜਾਉਣ ਤੇ ਸਾਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਰਾਗ ਗਾਇਆ ਜਾ ਵਜਾਇਆ ਜਾ ਰਿਹਾ ਹੈ। ਸੰਗੀਤ ਵਿੱਚ ਇਸ ਸੁਰ ਸਮੂਹ ਨੂੰ ਹੀ ਪਕੜ ਕਿਹਾ ਜਾਂਦਾ ਹੈ ਰਾਗ ਵਿਚ ਆਰੋਹ ਤੇ ਅਵਰੋਹ ਕਹਿਣ ਤੋਂ ਬਾਅਦ ਰਾਗ ਦੀ ਪਕੜੀ ਗਾਈ ਜਾਂ ਵਜਾਈ ਜਾਂਦੀ ਹੈ ਪਕੜ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਿਹੜੇ ਸਵਰ ਤੋਂ ਕਿੰਨਾ ਨਿਆਸ ਕਰਨਾ, ਉਸ ਦੀ ਚਾਲ ਕਿਸ ਤਰ੍ਹਾਂ ਦੀ ਹੈ ਪਕੜ ਤੋਂ ਹੀ ਰਾਗ ਦੇ ਮੁੱਖ ਅੰਗ ਦਾ ਪਤਾ ਲੱਗ ਜਾਂਦਾ ਹੈ। ਜੇਕਰ ਅਸੀਂ ਕੋਈ ਰਾਗ ਵਜਾ ਰਹੇ ਹਾਂ ਜਾਂ ਗਾ ਰਹੇ ਹਾਂ ਜੇਕਰ ਅਸੀਂ ਕੋਈ ਹੋਰ ਰਾਗ ਗਾਉਣਾ ਜਾਂ ਵਜਾਉਣਾ ਹੋਵੇ ਤਾਂ ਅਸੀਂ ਪਹਿਲਾਂ ਰਾਗ ਦੀ ਪਕੜ ਗਾਵਾਗੇ ਜਿਸ ਤੋਂ ਸੁਣਨ ਵਾਲਿਆਂ ਨੂੰ ਪਤਾ ਲੱਗ ਜਾਂਦਾ ਹੈ । ਰਾਗ ਬਦਲ ਗਿਆ ਹੈ ਤਾਂ ਅਸੀਂ ਝੱਟ ਪਹਿਚਾਣ ਜਾਵਾਗੇ ਹੁਣ ਫਲਾਣਾ ਇਹ ਰਾਗ ਵਜਾ ਰਿਹਾ ਹੈ ਜਾ ਗਾਇਆ ਜਾ ਰਿਹਾ । ਰਾਗ ਦੇ ਸ਼ੁਧ ਰੂਪ ਨੂੰ ਸਿੱਖਣ ਤੋਂ ਪਹਿਲਾਂ ਸਾਨੂੰ ਰਾਗ ਦੀ ਪਕੜ ਸਿੱਖਣੀ ਜਰੂਰੀ ਹੈ।

## ਵਾਦੀ ਸਵਰ

ਵਾਦੀ ਸੁਰ ਤੋਂ ਭਾਵ ਹੈ ਵਾਦ ਅਰਥਾਤ ਬੋਲਣਾ, ਇਸ ਲਈ ਰਾਗ ਵਿਚ ਬਹੁਤ ਬੋਲਣ ਵਾਲੇ ਸੁਰ ਨੂੰ ਵਾਦੀ ਸਵਰ ਕਹਿੰਦੇ ਹਨ। ਇਹ ਰਾਗ ਦਾ ਮੁੱਖ ਸਵਰ ਹੁੰਦਾ ਹੈ ਰਾਗ ਦੀ ਸਮੁੱਚੀ ਸੁੰਦਰਤਾ ਇਸ ਸਵਰ ਤੋਂ ਰਹਿੰਦੀ ਹੈ। ਇਸ ਲਈ ਇਸ ਨੂੰ ਰਾਗ ਦਾ ਪ੍ਰਕਾਸ ਸਵਰ, ਜੀਵ ਸਵਰ, ਅੰਸ਼ ਸਵਰ ਵੀ ਕਿਹਾ ਜਾਂਦਾ ਹੈ। ਭਰਤ ਮੁਨੀ ਜੀ ਦਾ ਕਹਿਣਾ ਹੈ"ਯੋ ਯਦਾਂਸ ਸ ਤਥਾ ਵਾਦੀ" ਭਾਵ ਜਿਹੜਾ ਸਵਰ ਅੰਸ਼ ਹੈ ਉਹ ਵਾਦੀ ਸਵਰ ਵੀ ਹੈ। ਰਾਗ ਵਿਚ ਇਸ ਸਵਰ ਦਾ ਬਾਰ- ਬਾਰ ਪ੍ਰਯੋਗ ਕੀਤਾ ਜਾਂਦਾ ਹੈ ਰਾਗ ਦੇ ਵਾਦੀ ਸਵਰ ਤੋਂ ਹੀ ਰਾਗ ਦੇ ਗਾਉਣ- ਵਜਾਉਣ ਦਾ ਸਮਾਂ ਨਿਸ਼ਚਿਤ ਹੁੰਦਾ

ਹੈ। ਜਿਵੇਂ ਸਾ ਰੇ ਗ ਮ ਪ ਸਵਰ ਪੂਰਵਾਗ ਵਾਦੀ ਅਰਥਾਤ 12 ਵਜੇ ਦਿਨ ਤੋਂ ਲੈ ਕੇ ਰਾਤ ਦੇ 12 ਵਜੇ ਤੱਕ ਇਹਨਾਂ ਦਾ ਗਾਉਣ ਵਜਾਉਣ ਦਾ ਸਮਾਂ ਹੁੰਦਾ ਹੈਃ ਭੁਪਾਲੀ ਰਾਗ ਦਾ ਵਾਦੀ ਸਵਰ ਗ (ਗੰਧਾਰ) ਹੈ ਇਸ ਲਈ ਇਸ ਰਾਗ ਦਾ ਨਿਸ਼ਚਿਤ ਗਾਉਣ ਵਜਾਉਣ ਦਾ ਸਮਾਂ 12 ਵਜੇ ਦਿਨ ਤੋਂ 12 ਵਜੇ ਦੇ ਰਾਤ ਦੇ ਵਿੱਚ ਹੀ ਹੋਵੇਗਾ। ਰਾਗ ਦੇ ਅਲਾਪ ਵਿੱਚ ਹੀ ਵਾਦੀ ਸਵਰ ਦਾ ਬਹੁਤ ਮਹੱਤਵ ਹੈ ਕਿਉਂਕਿ ਰਾਗ ਦੇ ਅਲਾਪ ਤੋਂ ਹੀ ਰਾਗ ਦੇ ਵਾਦੀ ਸਵਰ ਦਾ ਪਤਾ ਚਲ ਜਾਂਦਾ ਹੈ। ਭਾਵ ਰਾਗ ਵਿਚ ਜਿਸ ਸੁਰ ਦਾ ਪ੍ਰਯੋਗ ਬਾਰ- ਬਾਰ ਕਰਦੇ ਹਾਂ ਅਤੇ ਜਿਸ ਸੁਰ ਤੇ ਜਿਆਦਾ ਠਹਿਰਦੇ ਹਾਂ ਉਸ ਨੂੰ ਵਾਦੀ ਸਵਰ ਕਹਿੰਦੇ ਹਨ ਇਸ ਲਈ ਵਾਦੀ ਸਵਰ ਹੀ ਰਾਗ ਦੇ ਸਰੂਪ ਨੂੰ ਸਥਾਪਿਤ ਕਰਨ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦਾ ਹੈ।

## ਸੰਵਾਦੀ ਸੁਰ

ਰਾਗ ਵਿਚ ਲਗਣ ਵਾਲੇ ਸੁਰਾਂ ਤੋਂ ਜਿਆਦਾ ਪਰ ਵਾਦੀ ਸੁਰ ਤੋਂ ਘੱਟ ਪ੍ਰਯੋਗ ਹੋਣ ਵਾਲੇ ਸੁਰ ਨੂੰ ਸੰਵਾਦੀ ਸੁਰ ਕਹਿੰਦੇ ਹਨ। ਵਾਦੀ ਸੁਰ ਤੇ ਸੰਵਾਦੀ ਸੁਰਾਂ ਵਿਚ ਆਪਸੀ ਸੰਵਾਦ ਸ਼ੜਜ-ਪੰਚਮ ਜਾਂ ਸ਼ੜਜ ਮੱਧਮ ਰਹਿੰਦਾ ਹੈ। ਸੰਵਾਦੀ ਸਵਰ ਹਮੇਸ਼ਾ ਉਤਰਾਗਾਂ ਵਿੱਚ ਭਾਵ ਮ ਪ ਧ ਨੀ ਸਾਂ ਵਿੱਚ ਹੁੰਦਾ ਹੈ। ਜੇਕਰ ਕਿਸੇ ਰਾਗ ਵਿਚ ਸ ਸੁਰ ਵਾਦੀ ਹੈ ਤਾਂ ਉਸਦਾ ਪੰਜਵਾਂ ਸੁਰ ਭਾਵ ਪ ਸੁਰ ਸੰਵਾਦੀ ਹੋਵੇਗਾ। ਆਚਾਰਿਆਂ ਬ੍ਰਹਸਪਤੀ ਨੇ ਠੀਕ ਹੀ ਕਿਹਾ ਹੈ "ਕਿਸੇ ਇੱਕ ਸਵਰ ਦੇ ਵਾਦੀ ਬਣ ਜਾਣ ਤੇ ਉਸ ਰਾਗ ਦਾ ਸੰਵਾਦੀ ਸੁਰ ਆਪ ਹੀ ਮਿਲ ਜਾਂਦਾ ਹੈ" ਸੰਵਾਦੀ ਸੁਰ ਨੂੰ ਵਿਸ਼ਟ ਸੁਰ ਵੀ ਕਿਹਾ ਜਾਂਦਾ ਹੈ ਕਿਉਂਕਿ ਜਦੋਂ ਇਹਨਾਂ ਨੂੰ ਛੇੜਿਆ ਜਾਂਦਾ ਹੈ ਤਾਂ ਇਹ ਬਹੁਤ ਹੀ ਮਨਮੋਹਕ ਲਗਦੇ ਹਨ।

## ਅਨੁਵਾਦੀ ਸਵਰ

ਰਾਗ ਦਾ ਇਕ ਨਿਯਮ ਹੈ ਕਿ ਰਾਗ ਵਿੱਚ ਘੱਟ ਤੋਂ ਘੱਟ ਪੰਜ ਤੇ ਵੱਧ ਤੋਂ ਵੱਧ ਸੱਤ ਸਵਰ ਲਗਦੇ ਹਨ। ਵਾਦੀ ਸੁਰ ਤੇ ਸੰਵਾਦੀ ਸੁਰਾਂ ਨੂੰ ਛੱਡ ਕੇ ਰਾਗ ਵਿਚ ਬਾਕੀ ਸੁਰ ਰਾਗ ਦੀ ਮਦਦ ਲਈ ਰਹਿੰਦੇ ਹਨ ਇਹਨਾਂ ਸੁਰਾਂ ਨੂੰ ਹੀ ਅਨੁਵਾਦੀ ਸੁਰ ਕਿਹਾ ਜਾਂਦਾ ਹੈ ਜਿਵੇਂ ਰਾਗ ਭੁਪਾਲੀ ਵਿਚ ਵਾਦੀ ਗ (ਗੰਧਾਰ) ਤੇ ਸੰਵਾਦੀ ਸੁਰ ਧ (ਧੈਵਲ) ਬਾਕੀ ਬਚੇ ਸੁਰ ਸ, ਰੇ,ਪ ਸੁਰ ਅਨੁਵਾਦੀ ਸੁਰ ਹਨ। ਰਾਗ ਵਿਚ ਅਨੁਵਾਦੀ ਸੁਰਾਂ ਦਾ ਬਹੁਤ ਮਹੱਤਵਪੂਰਨ ਜਗਾ ਹੈ ਕਿਉਂਕਿ ਰਾਗ ਵਿਚ ਇਹਨਾਂ ਸੁਰਾਂ ਤੋਂ ਬਗੈਰ

ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਅਨੁਵਾਦੀ ਸੁਰਾਂ ਨਾਲ ਰਾਗ ਦੀ ਸੋਭਾ ਵਧਦੀ ਹੈ। ਜਦੋਂ ਇਹਨਾਂ ਸੁਰਾਂ ਦੀ ਵਾਦੀ ਸੁਰ ਤੇ ਸੰਵਾਦੀ ਸੁਰ ਨਾਲ ਜੋੜਿਆ ਜਾਂਦਾ ਹੈ ਤਾਂ ਇਹ ਬਹੁਤ ਹੀ ਚੰਗੇ ਲਗਦੇ ਹਨ।

## ਵਰਜਿਤ ਸਵਰ

ਜਿਹਨਾ ਸੁਰਾਂ ਦੀ ਰਾਗ ਵਿਚ ਲੱਗਣ ਦੀ ਮਨਾਹੀ ਹੁੰਦੀ ਹੈ ਉਹ ਵਰਜਿਤ ਸੁਰ ਕਹਾਉਂਦੇ ਹਨ ਜਿਵੇਂ ਰਾਗ ਭੁਪਾਲੀ ਵਿੱਚ ਮ(ਮਧਯਮ) ਸੁਰ ਤੇ ਸੀ (ਨੀਸ਼ਾਦ) ਸੁਰ ਵਰਜਿਤ ਹਨ। ਇਹ ਦੋਨੋ ਸੁਰ ਰਾਜ ਭੁਪਾਲੀ ਵਿੱਚ ਸਹੀ ਪ੍ਰਯੋਗ ਕੀਤੇ ਜਾਂਦੇ। ਵਰਜਿਤ ਸੁਰਾਂ ਦੇ ਆਧਾਰ ਤੇ ਹੀ ਰਾਗ ਦੀਆਂ ਜਾਤੀਆਂ ਬਣਦੀਆਂ ਹਨ। ਕਈ ਵਾਰ ਕੋਈ ਸੁਰ ਅਰੋਹ ਵਿੱਚ ਵਰਜਿਤ ਹੁੰਦਾ ਹੈ ਪਰ ਅਵਰੋਹ ਵਿੱਚ ਉਸ ਸੁਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੈ ਅਰੋਹ ਵਿੱਚ ਇੱਕ ਸੁਰ ਵਰਜਿਤ ਹੋਣ ਨਾਲ ਰਾਗ ਦੀ ਜਾਤੀ ਸ਼ਾੜਣ-ਸੰਪੂਰਨ ਬਣ ਜਾਵੇਗੀ। ਰਾਗ ਵਿੱਚ ਕਦੇ ਵੀ ਇਕੱਠੇ ਦੋ ਸੁਰ ਵਰਜਿਤ ਨਹੀਂ ਹੋ ਸਕਦੇ। ਵਰਜਿਤ ਸੁਰ ਰਾਗ ਵਿੱਚ ਨਾਤਾ ਸਿੱਧੇ ਰੂਪ ਵਿਚ ਜਾਂ ਵਿਵਾਦੀ ਸੁਰ ਦੇ ਰੂਪ ਵਿਚ ਵਰਤੇ ਜਾ ਸਕਦੇ ਹਨ।

## ਵਿਵਾਦੀ ਸੁਰ

ਜਿਸ ਤਰ੍ਹਾਂ ਸ਼ਰਤ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਵਿਵਾਦ ਪੈਦਾ ਕਰਨਾ ਰਾਗ ਵਿਚ ਪ੍ਰਯੋਗ ਹੋਣ ਵਾਲਾ ਸੁਰ ਜਿਸ ਨੂੰ ਪ੍ਰਯੋਗ ਹਿੱਤ ਸਾਰੇ ਵਿਦਵਾਨਾ ਦੀ ਇੱਕ ਮੱਤ ਨਾ ਹੋਵੇ। ਜਾਂ ਇਸ ਸੁਰ ਦਾ ਪ੍ਰਯੋਗ ਕੇਵਲ ਰੰਜਕਤਾ, ਵਚਿਤਰਤਾ ਵਧਾਉਣ ਲਈ ਬਹੁਤ ਘੱਟ ਸਮੇਂ ਲਈ ਰਾਗ ਵਿੱਚ ਕੀਤਾ ਜਾਂਦਾ ਹੈ ਉਸਨੂੰ ਵਿਵਾਦੀ ਸੁਰ ਕਹਿੰਦੇ ਹਨ ਵਿਵਾਦੀ ਸੁਰ ਦਾ ਪ੍ਰਯੋਗ ਕੇਵਲ ਵਿਦਵਾਨ, ਗੁਣੀਜਨ ਬਹੁਤ ਹੀ ਕੁਸ਼ਲਤਾ ਨਾਲ ਕਰ ਸਕਦੇ ਹਨ। ਭਾਤਖੰਡੇ ਜੀ“ਅਭਿਨਵ ਰਾਗ ਮੰਜਰੀ ਵਿੱਚ ਲਿਖਦੇ ਹਨ“ ਸਤਰੂ ਤੁਲਅ ਵਿਵਾਦਿਤ” ਅਰਥਾਤ ਵਿਵਾਦੀ ਸੁਰ ਦੁਸ਼ਮਣ ਦੇ ਸਮਾਨ ਹਨ। ਆਚਾਰਿਆਂ ਬ੍ਰਹਸਪਤੀ ਦਾ ਕਹਿਣਾ ਹੈ ਕਿ “ਵਿਵਾਦੀ ਦਾ ਅਰਥ ਹੈ ਸੰਵਾਦ ਦੀ ਕਮੀ”। ਅੰਤ ਵਿਚ ਅਸੀਂ ਇਹ ਕਹਾਗੇ ਕਿ ਵਿਵਾਦੀ ਸੁਰ ਦਾ ਗਲਤ ਪ੍ਰਯੋਗ ਦੁਸ਼ਮਣ ਦੀ ਤਰ੍ਹਾਂ ਹੈ ਇਸ ਲਈ ਵਿਵਾਦੀ ਸੁਰ ਦਾ ਪ੍ਰਯੋਗ ਕੇਵਲ ਕੁਝ ਸਮੇਂ ਲਈ ਰਾਗ ਵਿੱਚ ਵਚਿਤਰਤਾ ਲਿਆਉਣਾ ਹੀ ਠੀਕ ਹੈ।

## ਜਨਯ ਰਾਗ

ਪੰ: ਵਿਅਕਤ ਮੁੱਖੀ ਜੀ ਨੇ ਗਣਿਤ ਦੇ ਅਨੁਸਾਰ ਸਪਤਕ ਦੇ ਬਾਰ੍ਹਾਂ ਸੁਰਾਂ ਤੋਂ 72 ਥਾਟਾਂ ਦੀ ਰਚਨਾ ਕੀਤੀ। ਇਹਨਾ 72 ਥਾਟਾਂ ਵਿਚ ਭਾਤਖੰਡੇ ਜੀ ਨੇ ਭਾਰਤੀ ਸੰਗੀਤ ਲਈ 10 ਥਾਟਾਂ ਦਾ ਪ੍ਰਯੋਗ ਕੀਤਾ। ਇਹਨਾਂ 10 ਥਾਟਾਂ ਦੇ ਅੰਤਰਗਤ ਜਿੰਨੇ ਰਾਗ ਆਉਂਦੇ ਹਨ ਉਹ ਸਾਰੇ ਰਾਗ ਜਨਯ ਰਾਗ ਕਹਾਉਂਦੇ ਹਨ। ਹਰ ਥਾਟ ਦੇ ਅਲੱਗ-ਅਲੱਗ ਜਨਯ ਰਾਗ ਹਨ। ਜਿਵੇਂ ਭੁਪਾਲੀ ਰਾਗ ਕਲਿਆਣ ਥਾਟ ਦਾ ਜਨਯ ਰਾਗ ਹੈ। ਇਹਨਾਂ 10 ਥਾਟਾਂ ਦੇ ਅੰਤਰਗਤ ਜਿੰਨੇ ਰਾਗਾਂ ਦਾ ਵਰਗੀਕਰਨ ਹੁੰਦਾ ਹੈ ਉਹ ਸਾਰੇ ਰਾਗ ਜਨਯ ਰਾਗ ਹਨ: ਜਨਯ ਰਾਗਾਂ ਦੇ ਸੁਰਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਕਿਸ ਥਾਟ ਦਾ ਰਾਗ ਹੈ। ਕਵੀ ਜਨਯ ਰਾਗ 10 ਥਾਟਾਂ ਦੇ ਅੰਤਰਗਤ ਨਹੀਂ ਆਉਂਦੇ ਕਿਉਂਕਿ ਥਾਟਾਂ ਦੀ ਸੰਖਿਆ ਨਿਸ਼ਚਿਤ ਹੈ। ਕੇਵਲ ਜਨਯ ਰਾਗਾਂ ਦੇ ਸੁਰ , ਪ੍ਰਕ੍ਰਿਤੀ, ਸਵਰੂਪ, ਸਮਾਨਤਾ ਨੂੰ ਦੇਖ ਹੀ ਰਾਗ ਜਿਸ ਥਾਟ ਵਿਚ ਸਮਾ ਸਕਦਾ ਹੈ ਉੱਥੇ ਹੀ ਉਸ ਨੂੰ ਰੱਖਿਆ ਜਾਂਦਾ ਹੈ। ਜਦੋਂ ਕੋਈ ਨਵਾਂ ਰਾਗ ਬਣਦਾ ਹੈ ਤਾਂ ਵੀ ਉਸਨੂੰ ਉਪ ਥਾਟ ਦਾ ਜਨਯ ਰਾਗ ਮੰਨਿਆ ਜਾਂਦਾ ਹੈ । ਥਾਟਾਂ ਵਿਚ ਰਾਗ ਉਤਪੰਨ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਲਈ ਉਹ ਨਵੇਂ ਰਾਗਾਂ ਨੂੰ ਆਪਣੇ ਵਿੱਚ ਸਮਾਉਣ ਦੀ ਸ਼ਕਤੀ ਰੱਖਦਾ ਹੈ।

## ਆਸ਼ਰਯ ਰਾਗ

ਭਾਰਤੀ ਸੰਗੀਤ ਵਿੱਚ ਪ੍ਰਚਲਤ ਰਾਗਾਂ ਨੂੰ ਦਸ ਥਾਟਾਂ ਵਿੱਚ ਵੰਡ ਦਿੱਤਾ ਗਿਆ ਹੈ। ਇਹਨਾਂ ਥਾਟਾਂ ਦੇ ਵੱਖ-ਵੱਖ ਨਾ ਰੱਖਣ ਲਈ ਥਾਟ ਤੋਂ ਉਤਪੰਨ ਸਾਰਿਆਂ ਤੋਂ ਪ੍ਰਚਲਿਤ ਜਾਂ ਪ੍ਰਸਿਧ ਰਾਗ ਦਾ ਨਾਂ ਉਸ ਥਾਟ ਨੂੰ ਵੀ ਦੇ ਦਿੱਤਾ। ਇਸ ਤਰ੍ਹਾਂ ਦੇ ਰਾਗ ਨੂੰ ਆਸ਼ਰਯ ਰਾਗ ਕਹਿੰਦੇ ਹਨ। ਆਸ਼ਰਯ ਰਾਗ ਦਾ ਦੂਸਰਾ ਨਾ ਥਾਟ ਦਸਣ ਵਾਲਾ ਰਾਗ ਵੀ ਹੈ। 10 ਰਾਗਾਂ ਦੇ ਨਾ ਹੀ ਥਾਟਾਂ ਨੂੰ ਦਿੱਤੇ ਗਏ ਇਸ ਲਈ 10 ਆਸ਼ਰਯ ਰਾਗ ਹੋਏ ਜਿਵੇਂ ਭੈਰਵੀ ਰਾਗ ਵਿੱਚ ਰੁ ਗੁ ਧੁ ਨੀ ਸੁਰ ਕੋਲ ਹਨ ਇਸ ਤਰਾ ਕੋਮਲ ਸੁਰਾਂ ਤੋਂ ਭੈਰਵੀ ਬਣਦਾ ਹੈ। ਸੁਰਾਂ ਦੇ ਕੋਮਲ ਰੂਪ ਨੂੰ ਦੇਖਦੇ ਹੀ ਉਸਨੂੰ ਭੈਰਵੀ ਨਾ ਦੇ ਦਿੱਤਾ। ਇਸ ਲਈ ਭੈਰਵੀ ਰਾਗ ਨੇ ਆਪਣੇ ਨਾਮਕਰਣ ਲਈ ਭੈਰਵੀ ਰਾਗ ਦਾ ਆਸ਼ਰਯ ਲਿੱਤਾ ਇਸ ਤਰਾਂ ਭੈਰਵੀ ਰਾਗ ਆਸ਼ਰਯ ਰਾਗ ਹੋ ਗਿਆ।

**ਲੈਅ-** ਗਾਇਨ,ਵਾਦਨ ਤੇ ਨਰਿਤ ਵਿੱਚ ਸਮੇਂ ਦੀ ਸਮਾਜ ਗਤੀ ਜਾਂ ਚਾਲ ਨੂੰ ਲੈਅ

ਕਿਹਾ ਜਾਂਦਾ ਹੈ। ਸੰਗੀਤ ਤੇ ਲੈਅ ਦਾ ਸਬੰਧ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ। ਅੱਜ ਸੰਗੀਤ ਤੇ ਲੈਅ ਇਸ ਤਰ੍ਹਾਂ ਇੱਕ ਹੋ ਗਏ ਹਨ ਕਿ ਇੱਕ ਤੋਂ ਬਿਨਾਂ ਦੂਜੇ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਅਮਰ ਕੋਸ਼ ਵਿੱਚ ਲਿਖਿਆ ਗਿਆ ਹੈ "ਲੈਅ ਸਾਭਯਮ" ਅਰਥਾਤ ਜਦੋਂ ਦੋ ਚੀਜਾ ਵਿਚ ਸਮਾਨਤਾ ਇਸ ਤਰ੍ਹਾ ਹੋਵੇ ਕਿ ਉਸ ਦਾ ਫਰਕ ਨਾ ਵੱਧ ਤੇ ਨਾ ਘੱਟ ਹੋਵੇ ਉਸਨੂੰ ਲੈਅ ਕਹਿੰਦੇ ਹਨ। ਲੈਅ ਸੰਗੀਤ ਦੇ ਉਸ ਭਾਵ ਪਰੇ ਪਹਲੂ ਨੂੰ ਪ੍ਰਗਟ ਕਰਦੀ ਹੈ। ਰਾਗ ਦਾ ਕੋਈ ਵੀ ਸਵਰੂਪ ਭਾਵੇਂ ਅਲਾਪ ਹੋਵੇ, ਝਾਲਾ ਹੋਵੇ, ਤੋੜੇ ਜਾ ਤਾਨਾ ਹੋਣ ਸਭ ਲਈ ਅਲਗ- ਅਲਗ ਲੈਅ ਵਰਤੀ ਜਾਂਦੀ ਹੈ। ਲੈਅ ਦੇ ਸਹਾਰੇ ਹੀ ਸੁਰਾਂ ਦੇ ਠਹਿਰਾਵ ਦਾ ਪਤਾ ਲੱਗਦਾ ਹੈ। ਲੈਅ ਸਹਾਰੇ ਹੀ ਗਾਇਨ ਵਾਦਾ ਵਿਚ ਰੰਜਕਤਾ ਜਹੀ ਆਉਂਦੀ ਹੈ । ਸੰਗੀਤ ਵਿੱਚ ਲੈਅ ਤਿੰਨ ਤਰਾਂ ਦੀ ਹੈ।

1 **ਵਿਲੰਬਿਤ ਲੈਅ** - ਜਿਸ ਲੈਅ ਦੀ ਚਾਲ ਬਹੁਤ ਹੀ ਧੀਮੀ ਹੋਵੇ ਉਹ ਵਿਲੰਬਿਤ ਲੈਅ ਕਹਾਉਂਦੀ ਹੈ। ਅਰਥਾਤ ਸਾਧਾਰਨ ਚਾਲ ਤੋਂ ਦੁੱਗਣੀ ਘੱਟ ਹੋਲੀ ਚਾਲ ਹੀ ਵਿਲੰਬਿਤ ਲੈਅ ਹੈ। ਇਸ ਨੂੰ ਠਾਅ ਚਾਲ ਵੀ ਕਿਹਾ ਜਾਂਦਾ ਹੈ। ਇਸਦਾ ਪ੍ਰਯੋਗ ਵੱਡੇ ਖਿਆਲਾਂ, ਠੁੱਮਰੀ, ਧਰੁਪਦ, ਧਮਾਰ, ਗਾਇਨ ਸ੍ਰੇਣੀਆਂ ਵਿੱਚ ਤੇ ਮਸੀਤ ਖਾਨੀ ਗਤ ਵਿੱਚ ਕੀਤਾ ਜਾਂਦਾ ਹੈ।

2 **ਮੱਧ ਲੈਅ**- ਜਦੋਂ ਲੈਅ ਦੀ ਗਤੀ ਨਾ ਜਿਆਦਾ ਤੇ ਨਾ ਜਿਆਦਾ ਨਾ ਹੋਈ ਹੁੰਦੀ ਹੈ ਉਸਨੂੰ ਮੱਧ ਲੈਅ ਕਹਿੰਦੇ ਹਨ। ਇਸ ਨੂੰ ਸਾਧਾਰਨ ਲੈਅ ਵੀ ਕਿਹਾ ਜਾਂਦਾ ਹੈ। ਮੱਧ ਲੈਅ ਵਿੱਚ ਛੋਟਾ ਖਿਆਲ ਤੇ ਰਜਾਖਾਨੀ ਗਤਾ ਵਜਾਈਆ ਤੇ ਗਾਈਆਂ ਜਾਂਦੀਆਂ ਹਨ।

3 **ਦਰੁੱਤ ਲੈਅ**- ਜਦੋਂ ਲੈਅ ਦੀ ਗਤੀ ਬਹੁਤ ਤੇਜ ਹੋਵੇ ਉਸਨੂੰ ਦਰੁੱਤ ਲੈਅ ਕਹਿੰਦੇ ਹਨ। ਇਹ ਲੈਅ ਵਿਲੰਬਿਤ ਲੈਅ ਤੋਂ ਚੋਗੁਣੀ ਤੇਜ ਹੁੰਦੀ ਹੈ। ਇਸ ਵਿੱਚ ਛੋਟਾ ਖਿਆਲ, ਤਰਾਨੇ, ਰਜਾਖਾਨੀ ਗਤਾ ਵਜਾਈਆ ਤੇ ਗਾਈਆਂ ਜਾਂਦੀਆਂ ਹਨ।

ਪਾਠ- 2

# ਸਵਰ, ਸ਼ੁਧ ਸਵਰ, ਕੋਮਲ ਸਵਰ, ਤੀਵਰ ਸਵਰ

22 ਸ਼ਰੂਤੀਆਂ ਵਿੱਚ ਨਿਯਮ ਅਨੁਸਾਰ ਚੁਣੀਆਂ ਗਈਆਂ ਸੱਤ ਸਰੂਤੀਆਂ ਜਿਹਨਾਂ ਨੂੰ ਗਾਣ/ਵਜਾਣ ਵਿੱਚ ਸਰਲਤਾ ਤੇ ਪ੍ਰਯੋਗ ਕੀਤਾ ਜਾਵੇ ਉਸਨੂੰ ਸਵਰ ਦਾ ਨਾਂ ਦਿੱਤਾ ਗਿਆ ਹੈ।

ਸਵਰ ਉਸ ਸੰਗੀਤ ਉਪਯੋਗੀ ਨਾਦ ਨੂੰ ਕਹਿੰਦੇ ਹਨ ਜੋ ਸਪੱਸ਼ਟ , ਸਥਿਰ, ਸੁਰੀਲਾ,ਮਧੁਰ ਤੇ ਆਕਰਸ਼ਕ ਹੋਵੇ। ਦਮੋਦਰ ਪੰਡਿਤ ਜੀ ਨੇ "ਸੰਗੀਤ ਦਰਪਣ" ਵਿੱਚ ਸਵਰ ਬਾਰੇ ਲਿਖਿਆ ਹੈ "ਜੇ ਨਾਦ ਮਧੁਰ ਹੋਵੇ ਉਸਨੂੰ ਸਵਰ ਕਹਿੰਦੇ ਹਨ।" ਪੁੰਡਰੀਕ ਵਿਠਲ ਦਾ ਇਹ ਮੱਤ ਹੈ " ਜਦੋਂ ਸਰੂਤੀ ਅਨੁਰਣਾਨ ਹੋ ਜਾਂਦੀ ਹੈ ਤਾ ਉਹ ਸਵਰ ਬਣ ਜਾਂਦੀ ਹੈ" ਇਸੀ ਤਰ੍ਹਾਂ ਸਾਰੰਗਦੇਵ ਜੀ ਨੇ "ਸੰਗੀਤ ਰਤਨਾਗਰ" ਗ੍ਰੰਥ ਵਿੱਚ ਸਵਰਾਂ ਦੀ ਪਰਿਭਾਸ਼ਾ ਇਸ ਤਰਾਂ ਕੀਤੀ ਹੈ "ਸ਼ਰੂਤੀ ਤੋਂ ਬਾਅਦ ਜਿਹੜਾ ਨਾਦ ਪੈਦਾ ਹੁੰਦਾ ਹੈ ਅਤੇ ਸੁਣਨ ਵਾਲੇ ਦੇ ਚਿੱਤ ਦਾ ਰੰਜਨ ਕਰ ਸਕਦਾ ਹੈ ਉਹ ਹੀ ਸਵਰ ਕਹਾਉਂਦਾ ਹੈ। ਸੰਗੀਤ ਦੇ ਮੁੱਖ ਸੱਤ ਸਵਰ ਸ ਰੇ ਗ ਮ , ਪ, ਧ ਨੀ ਹੈ। ਇਹਨਾਂ ਨੂੰ ਅਸੀਂ ਸੰਗੀਤ ਦੀ ਭਾਸ਼ਾ ਵਿੱਚ ਸ਼ੜਜ , ਰਿਸ਼ਬ, ਗੰਧਾਰ, ਅਧਯਮ, ਪੰਚਮ, ਧੋਵਤ ਤੇ ਨੀਸ਼ਾਕ ਕਹਿੰਦੇ ਹਾਂ।

ਪ੍ਰਸਿੱਧ ਸੰਗੀਤਕਾਰ ਦਮੋਦਰ ਪੰਡਿਤ ਜੀ ਨੇ ਸਵਰਾਂ ਦੀ ਉਤਪਤੀ ਸੱਤ ਪੰਛੀਆਂ ਤੋਂ ਮੰਨੀ ਹੈ। ਜਿਸ ਤਰ੍ਹਾਂ ਮੋਰ ਤੋਂ ਸ਼ੜਜ , ਪਪੀਹੇ ਤੋਂ ਰਿਸ਼ਤਾ, ਬਕਰੇ ਤੋਂ ਗੰਧਾਰ, ਕਾਂ ਤੋਂ ਮਧਯਮ, ਕੋਇਲ ਤੋਂ ਪੰਚਮ, ਮੇਡਕ ਤੋਂ ਧੋਵਤ ਅਤੇ ਹਾਥੀ ਤੋਂ ਨੀਸ਼ਾਦ।

| | | |
|---|---|---|
| ਸ਼ੜਜ- | ਸ | ਮੋਰ |
| ਰਿਸ਼ਬ- | ਰੇ | ਪਪੀਹਾ |
| ਗੰਧਾਰ- | ਗ | ਬੱਕਰਾ |
| ਮਧਯਮ- | ਮ | ਕਾਂ |

ਪੰਚਮ– ਪ ਕੋਇਲ

ਧੈਵਤ– ਧ ਮੇਡਕ

ਨੀਸ਼ਾਦ– ਨੀ ਹਾਥੀ

ਸਵਰ ਦੋ ਪ੍ਰਕਾਰ ਦੇ ਹੁੰਦੇ ਹਨ।

(1) ਸ਼ੁਧ ਸਵਰ

(2) ਵਿਕਸਿਤ ਸਵਰ

(1) **ਸ਼ੁਧ ਸਵਰ-** ਸ਼ੁਧ ਸਵਰ ਉਹਨਾਂ ਸਵਰਾਂ ਨੂੰ ਕਿਹਾ ਜਾਂਦਾ ਹੈ ਜੋ ਆਪਣੀ ਜਗ੍ਹਾ ਤੇ ਨਿਸ਼ਚਿਤ ਰਹਿੰਦੇ ਹਨ। ਸਵਰ ਸਵਰ ਸੱਤ ਹਨ, ਸ ਰੇ ਗ ਮ ਪ ਧ ਨੀ ਇਹਨਾਂ ਸੱਤ ਸਵਰਾਂ ਵਿਚੋਂ ਦੋ ਸਵਰ ਸ਼ੜਜ (ਸ), ਪੰਚਮ (ਪ) ਸਵਰ ਐਸੇ ਹਨ ਜੋ ਆਪਣੇ ਸਥਾਨ ਤੋਂ ਨਿਸਚਿਤ ਰਹਿੰਦੇ ਹਨ। ਅਰਥਾਤ ਆਪਣੀ ਜਗਾ ਤੇ ਕਾਇਮ ਰਹਿੰਦੇ ਹਨ।

(2) **ਵਿਕਰਿਤ ਸਵਰ** - ਜੋ ਸਵਰ ਆਪਣੀ ਜਗਾ ਤੋਂ ਹੱਟ ਜਾਂਦੇ ਹਨ ਅਰਥਾਤ ਆਪਣੀ ਜਗ੍ਹਾਂ ਤੋਂ ਨੀਵੇਂ ਹੋ ਜਾਂਦੇ ਹਨ ਉਹ ਸਵਰ ਵਿਕਰਿਤ ਸਵਰ ਹੁੰਦੇ ਹਨ। ਇਹਨਾਂ ਦੀ ਸੰਖਿਆ ਪੰਜ ਤੋਂ ਜਿਵੇਂ ਸ ਰੇ ਗ ਮ ਪ ਧ ਨੀ।

ਵਿਕਰਿਤ ਸਵਰ ਦੋ ਪ੍ਰਕਾਰ ਦੇ ਹੁੰਦੇ ਹਨ–

(1) **ਕੋਮਲ ਵਿਕਰਿਤ-** ਆਪਣੀ ਨਿਸ਼ਚਿਤ ਸਥਾਨ ਤੋਂ ਜਦੋਂ ਸਵਰ ਨੀਵੇਂ ਹੋ ਜਾਂਦੇ ਹਨ ਤਾਂ ਉਹ ਕੋਮਲ ਵਿਕਰਿਤ ਸਵਰ ਕਹਾਉਂਦੇ ਹਨ ਅਰਥਾਤ ਸਵਰਾਂ ਦਾ ਉਹ ਰੂਪ ਜੋ ਸ਼ੁਧ ਸਵਰਾਂ ਤੋਂ ਨੀਵੀਂ ਅਵਾਜ ਵਿੱਚ ਹੋਵੇ । ਸੰਗੀਤ ਦੇ ਸ਼ੁਧ ਸੱਤ ਸਵਰਾਂ ਵਿੱਚ ਚਾਰ ਸਵਰ ਕੋਮਲ ਵਿਕਰਿਤ ਹਨ ਰੇ ਗੁ ਧ ਨੀ ਇਹ ਸਵਰਾਂ ਦੇ ਸੰਕੇਤ ਦੇ ਲਈ ਸਵਰ ਲਿਪੀ ਵਿੱਚ ਸਵਰਾਂ ਦੇ ਥੱਲੇ ਲਿਖੀ ਰੇਖਾ ਜਾਂ ਲੇਟਵੀਂ ਰੇਖਾ ਪਾਈ ਜਾਂਦੀ ਹੈ: ਜਿਵੇਂ ਰੇ ਗੁ ਧੁ ਨੀ।

(2) **ਤੀਵਰ ਵਿਕਰਿਤ ਸਵਰ-** ਸਵਰਾਂ ਦੇ ਉਹ ਰੂਪ ਜੋ ਸ਼ੁਧ ਸਵਰਾਂ ਤੋਂ ਉੱਚੀ ਆਵਾਜ ਵਿੱਚ ਹੋਵੇ ਉਹ ਤੀਵਰ ਵਿਕਰਿਤ ਸਵਰ ਹੈ। ਸੱਤ ਸ਼ੁਧ ਸਵਰਾਂ ਵਿੱਚੋਂ ਕੇਵਲ ਮਧਯਮ(ਮ) ਸਵਰ ਤੀਵਰ ਹੈ। ਤੀਵਰ ਸਵਰ ਦੇ ਲਈ ਸੰਗੀਤ ਵਿਚ ਸਵਰ ਲਿਪੀ ਵਿਚ ਸਵਰ ਦੇ ਉੱਪਰ ਖੜੀ ਰੇਖਾ ਲਗਾਈ ਜਾਂਦੀ ਹੈ ਜਿਵੇਂ ਮੇ ਇਸ ਤਰ੍ਹਾਂ ਕੁਲ 12 ਸਵਰ ਬਣੇ :–

ਸ ਰੇ ਰੇ ਗੁ ਗ ਮ ਮੇ ਪ ਧੁ ਨੁੀ ਨੀ

ਅਚਲ ਸਵਰ - ਸੁ ਪ

ਚਲ ਸਵਰ-    ਰੇ ਗ ਧ ਨੀ

ਕੋਮਲ ਵਿਕਰਿਤ ਸਵਰ- ਰੁੇ ਗੁ ਧੁ ਨੁੀ

ਤੀਵਰ ਵਿਕਰਿਤ-  ਮੇ

ਪਾਠ-3

# "ਤਾਲ, ਮਾਤਰਾ, ਸਮ,ਤਾਲੀ, ਖਾਲੀ, ਵਿਭਾਗ ਆਵਰਤਨ"

## ਤਾਲ

ਤਾਲ ਸ਼ਬਦ ਦੀ ਉਤਪਤੀ "ਤ" ਸ਼ਿਵਜੀ ਦੇ ਤਾੜਵ ਨਰਿਤ ਤੋਂ ਅਤੇ "ਲ" ਸ਼ਬਦ ਦੀ ਉਤਪਤੀ ਪਾਰਵਤੀ ਦੇ ਲਾਸਣ ਨਰਿਤ ਤੋਂ ਹੋਈ ਮੰਨਦੇ ਹਨ। ਤਾਲ ਲੈਅ ਤੋਂ ਨਿਰਭਰ ਹੈ, ਇਸ ਲਈ ਤਾਲ ਨੂੰ ਸੰਗੀਤ ਦਾ ਪ੍ਰਾਣ ਮੰਨਿਆ ਗਿਆ ਹੈ। ਤਾਲ ਗਾਇਣ, ਵਾਦਨ ਨੂੰ ਮਾਪਣ ਦੀ ਇੱਕ ਵਿਧੀ ਹੈ। ਜਿਸ ਤਰ੍ਹਾਂ ਸੁਰਾਂ ਦੇ ਪ੍ਰਯੋਗ ਦੇ ਕੁਝ ਨਿਯਮ ਹਨ ਅਤੇ ਇਹਨਾਂ ਨਿਯਮਾਂ ਦੇ ਸਹਾਰੇ ਰਾਗਾਂ ਦੀ ਰਚਨਾ ਹੁੰਦੀ ਹੈ। ਜਿਵੇਂ ਰਾਗ ਵਿਚ ਵਾਦੀ ਸੁਰ, ਸੰਵਾਦੀ ਸੁਰ, ਥਾਟ, ਜਾਤੀ ਹੁੰਦੇ ਹਨ ਉਸੀ ਤਰਾਂ ਤਾਲ ਦੀਆਂ ਮਾਤਰਾ ਤੇ ਲੈਅ ਦੇ ਸਹਾਰੇ ਤਾਲਾਂ ਦੀ ਰਚਨਾ ਹੁੰਦੀ ਹੈ। ਤਾਲਾਂ ਵਿਚ ਵੀ ਨਿਯਮ ਅਨੁਸਾਰ ਸਮਾ, ਖਾਲੀ, ਤਾਲੀ, ਵਿਭਾਗ, ਮਾਤਰਾ, ਹੁੰਦੀਆਂ ਹਨ। ਜਦੋਂ ਲੈਅ ਦੇ ਇਹਨਾਂ ਨਿਯਮਾਂ ਨੂੰ ਬੰਨ ਕੇ ਪ੍ਰਦਰਸ਼ਨ ਕੀਤਾ ਜਾਂਦਾ ਹੈ ਤਾਂ ਉਹ ਤਾਲ ਕਹਾਉਂਦੀ ਹੈ।

ਅਚਾਰਿਆਂ ਭਰਤ ਨੇ ਤਾਲ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਹੈ " ਸੰਗੀਤ ਵਿਚ ਕਾਲ ਦੇ ਮਾਪਣ ਦੇ ਸਾਧਨ ਨੂੰ ਤਾਲ ਕਹਿੰਦੇ ਹਨ। ਆਧੁਨਿਕ ਵਿਦਵਾਨਾਂ ਦਾ ਕਹਿਣਾ ਹੈ" ਤਾਲ ਵਾਦਾਂ ਦੇ ਬੋਲਾਂ ਦੇ ਅਧਾਰਿਤ ਇਕ ਗਤੀ ਵਿਸ਼ੇਸ ਤਾਲੀ, ਖਾਲੀ ਦੇ ਅਧਾਰ ਤੇ ਭਿੰਨ-ਭਿੰਨ ਵਿਭਾਗਾਂ ਵਿਚ ਵੰਡੀ ਜਾਂਦੀ ਹੈ, ਤਾਂ ਉਸ ਦੇ ਇੱਕ ਆਵਰਤਨ ਨੂੰ ਤਾਲ ਕਹਿੰਦੇ ਹਨ। ਸ਼ਾਸ਼ਤਰਕਾਰਾਂ ਨੇ ਠੀਕ ਹੀ ਕਿਹਾ ਹੈ ਸੰਗੀਤ ਵਿਚ ਸੁਰ ਸ਼ਰੀਰ ਹੈ ਉਸੀ ਤਰ੍ਹਾਂ ਤਾਲ ਉਸ ਦੀ ਆਤਮਾ ਹੈ। ਜਿਵੇਂ ਮਨੁੱਖ ਦੇ ਸ਼ਰੀਰ ਵਿਚੋਂ ਪ੍ਰਾਨ ਨਿਕਲਣ ਤੇ ਸ਼ਰੀਰ ਮਿੱਟੀ ਹੋ ਜਾਂਦਾ ਹੈ ਉਸੇ ਤਰ੍ਹਾਂ ਸੰਗੀਤ ਵਿਚੋਂ ਤਾਲ ਨਾ ਹੋਣ ਤੇ ਸੁਰ ਚੁੱਪ ਜਿਹਾ ਹੋ ਜਾਂਦਾ ਹੈ।

ਹਰੇਕ ਤਾਲ ਦੇ ਅਲੱਗ- ਅਲੱਗ ਮਾਤਰਾ, ਖਾਲੀ, ਤਾਲੀ ਹੁੰਦੇ ਹਨ। ਤਾਲ ਦੇ ਵਜਦੇ ਰਹਿਣ ਤੇ ਗਾਇਨ ਤੇ ਵਾਦਨ ਨੂੰ ਇੱਕ ਪਤਾ ਲਗਦਾ ਰਹਿੰਦਾ ਹੈ ਉਹ ਤਾਲ ਦੀ ਕਿਹੜੀ ਮਾਤਰਾ ਤੇ ਹੈ। ਤਾਲ ਹੀ ਉਸ ਨੂੰ ਲੈਅ ਵਿਚ ਬੰਨ ਕੇ ਰੱਖਦੀ ਹੈ। ਬੇਤਾਲਾ ਨਹੀਂ ਹੋਣ ਦਿੰਦੀ।

## ਮਾਤਰਾ

ਨਿਸ਼ਚਿਤ ਸਮੇਂ ਦੇ ਬਰਾਬਰ ਭਾਗ ਨੂੰ ਮਾਤਰਾ ਕਹਿੰਦੇ ਹਨ। ਅਸੀਂ ਇਸ ਤਰਾਂ ਵੀ ਕਹਿ ਸਕਦੇ ਹਾਂ ਜਦੋਂ ਅਸੀਂ ਲੈਅ ਨੂੰ ਬਰਾਬਰ ਹਿੱਸਿਆ ਵਿੱਚ ਵੰਡ ਦਿੰਦੇ ਹਾਂ ਉਸ ਦੇ ਹਰ ਭਾਗ ਨੂੰ ਮਾਤਰਾ ਕਹਿੰਦੇ ਹਨ। ਮਾਤਰਾਂ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਕਹਿ ਸਕਦੇ ਹਾਂ ਇਕ, ਦੋ, ਤਿੰਨ, ਚਾਰ ਆਦਿ ਇਸ ਗਿਣਤੀ ਨੂੰ ਕਹਿਣ ਵਿਚ ਜਿਹਨਾਂ ਸਮਾਂ ਲਗਦਾ ਉਹ ਹੀ ਮਾਤਰਾ ਹੈ। ਸੰਗੀਤ ਵਿਚ ਮਾਤਰਾ ਸਮੇਂ ਨੂੰ ਮਾਪਣ ਦਾ ਪੈਮਾਨਾ ਹੈ। ਹਰ ਤਾਲ ਦੀਆਂ ਅਲੱਗ- ਅਲੱਗ ਮਾਤਰਾਂ ਹੁੰਦੀਆਂ ਹਨ ਜਿਵੇਂ: ਤਿੰਨ ਤਾਲ/16 ਮਾਤਰਾ, ਕਹਿਰਵਾ ਤਾਲ/8 ਮਾਤਰਾ, ਝਪਤਾਲ/10 ਮਾਤਰਾ, ਇਕ ਤਾਲ/12 ਮਾਤਰਾਂ

## ਸਮ

ਸਮ ਤਾਲ ਦੀ ਉਹ ਜਗ੍ਹਾ ਹੈ ਜਿਥੋਂ ਗਾਇਨ, ਵਾਦਨ, ਨਰਿਤ ਦਾ ਠੇਕਾ ਸ਼ੁਰੂ ਹੁੰਦਾ ਹੈ। ਜੇਕਰ ਅਸੀਂ ਇਹ ਕਹਿ ਦੇਈਏ ਜਿਥੋਂ ਤਾਲ ਸ਼ੁਰੂ ਹੁੰਦੀ ਹੈ ਉਸ ਨੂੰ ਸਮ ਕਹਿੰਦੇ ਹਨ। ਸਮ ਹਮੇਸ਼ਾ ਤਾਲ ਦੀ ਪਹਿਲੀ ਮਾਤਰਾ ਤੇ ਹੁੰਦਾ ਹੈ। ਗਾਉਣ, ਵਜਾਉਣ ਵਿੱਚ ਸਮ ਦੀ ਥਾਂ ਤੇ ਕੁੱਝ ਜਿਆਦਾ ਦਬਾਅ ਤੇ ਜ਼ੋਰ ਪੈਂਦਾ ਹੈ। ਸਮ ਤੇ ਜੋਰ ਪੈਣ ਦੇ ਕਾਰਨ ਸੁਣਨ ਤੇ ਸਨਾਉਣ ਵਾਲਿਆਂ ਦਾ ਸ਼ਰੀਰ ਦਾ ਅੰਗ ਆਪ ਹੀ ਹਿਲ ਪੈਂਦਾ ਹੈ। ਤਾਲ ਦੀਆਂ ਮਾਤਰਾਵਾਂ ਨੂੰ ਗਿਣਨ ਵਿਚ ਸਮ ਮਹੱਤਵਪੂਰਨ ਸਥਾਨ ਰਖਦਾ ਹੈ। ਜਿਸ ਤਰਾਂ ਸੰਗੀਤ ਦਾ ਪ੍ਰਾਣ ਤਾਲ ਹੈ ਉਸੀ ਤਰਾਂ ਤਾਲ ਦਾ ਪ੍ਰਾਣ ਸਮ ਹੈ: ਸੁਰ ਲਿਪੀ ਵਿਚ ਸਮ ਨੂੰ ਲਿਖਣ ਲਈ (×) ਗੁਣਾਂ ਦਾ ਚਿੰਨ ਲਗਾਂਦੇ ਹਾਂ।

## ਤਾਲੀ

ਤਾਲ ਵਿੱਚ ਸਮ ਤੋਂ ਇਲਾਵਾ ਹੋਰ ਵਿਭਾਗਾਂ ਤੇ ਵੀ ਤਾਲੀਆਂ ਹੁੰਦੀਆਂ ਹਨ, ਹੱਥ ਤੇ ਤਾਲ ਵਜਾਉਂਦੇ ਹੋਏ ਤਾਲ ਦੇ ਸਥਾਨ ਤੇ ਹੱਥ ਤੇ ਚੋਟ ਮਾਰ ਕੇ ਦੱਸਿਆ ਜਾਂਦਾ ਹੈ। ਤਾਲੀ ਹਰ ਤਾਲ ਦੇ ਵੱਖਰੀ ਵੱਖਰੀ ਮਾਤਰਾ ਤੇ ਹੁੰਦੀ ਹੈ। ਤਾਲ ਵਿੱਚ ਇਕ ਤੋਂ ਵੱਧ ਤਾਲੀਆਂ ਵੀ ਹੋ ਸਕਦੀਆਂ ਹਨ ਜਿਵੇਂ ਇੱਕ ਤਾਲ ਵਿੱਚ ਚਾਰ ਤਾਲੀਆਂ ਹਨ, ਪਹਿਲੀ, ਪੰਜਵੀਂ, ਨੌਵੀਂ, ਗਿਆਰਵੀਂ ਮਾਤਰਾ ਤੇ,1 ਸੁਰ ਲਿਪੀ ਵਿੱਚ ਤਾਲੀਆਂ ਨੂੰ ਕ੍ਰਮਵਾਰ 1,2,3,4 ਲਿਖੀਆਂ ਜਾਂਦਾ ਹੈ: ਤਾਲੀ ਨੂੰ ਭਰੀ ਵੀ ਕਹਿੰਦੇ ਹਨ।

## ਖਾਲੀ

ਸਮ ਤੇ ਖਾਲੀ ਤੋਂ ਇਲਾਵਾ ਤਾਲ ਵਿੱਚ ਖਾਲੀ ਦਾ ਵੀ ਸਥਾਨ ਹੈ। ਤਬਲੇ ਉੱਤੇ ਖਾਲੀ ਦੇ ਸਥਾਨ ਤੇ ਤਾ ਜਾ ਤੀ ਦਾ ਬੋਲ ਵਜਦਾ ਹੈ। ਹੱਥ ਤੇ ਤਾਲੀ ਵਜਾਂਦੇ

ਹੋਏ ਹੱਥ ਤੇ ਚੋਟ ਨਹੀਂ ਕੀਤੀ ਜਾਂਦੀ ਹੱਥ ਨੂੰ ਸੱਜੇ ਪਾਸੇ ਝਟਕ ਦਿੱਤਾ ਜਾਂਦਾ ਹੈ। ਤਾਲ ਵਿੱਚ ਇੱਕ ਤੋਂ ਵੱਧ ਖਾਲੀ ਹੋ ਸਕਦੇ ਹਨ ਜਿਵੇਂ ਇੱਕ ਤਾਲ ਵਿੱਚ ਦੋ ਖਾਲੀਆਂ ਤੀਜੀ ਤੇ ਸੱਤਵੀਂ ਮਾਤਰਾ ਦੇ ਹੁੰਦੀਆਂ ਹਨ। ਸੁਰ ਲਿਪੀ ਵਿੱਚ ਖਾਲੀ ਨੂੰ (0) ਜੀਰੋ ਦਾ ਚਿੰਨ ਲਗਾਇਆ ਜਾਂਦਾ ਹੈ।

## ਵਿਭਾਗ

ਤਾਲ ਵਿੱਚ ਮਾਤਰਾਵਾਂ ਨੂੰ ਕੁਝ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਜਿਸ ਨੂੰ ਵਿਭਾਗ ਕਹਿੰਦੇ ਹਨ। ਹਰ ਤਾਲ ਦੇ ਵੱਖ-ਵੱਖ ਵਿਭਾਗ ਹੁੰਦੇ ਹਨ ਜਿਵੇਂ ਤਿੰਨ ਤਾਲ ਦੇ ਚਾਰ-ਚਾਰ ਮਾਤਰਾ ਦੇ ਵਿਭਾਗ ਹੁੰਦੇ ਹਨ, ਇਸੀ ਤਰਾਂ ਝਪ ਤਾਲ ਦੀਆਂ ਦੋ - ਤਿੰਨ ਮਾਤਰਾ ਦੇ ਵਿਭਾਗ ਹੁੰਦੇ ਹਨ। ਵਿਭਾਗ ਨਾਲ ਸਾਨੂੰ ਖਾਲੀ, ਤਾਲੀ ਦੀ ਸੰਖਿਆ ਦਾ ਗਿਆਨ ਹੁੰਦਾ ਹੈ। ਹਰ ਤਾਲ ਦੇ ਪਹਿਲੇ ਵਿਭਾਗ ਦੀ ਪਹਿਲੀ ਮਾਤਰਾ ਦੇ ਸਮ ਹੁੰਦਾ ਹੈ। ਸੁਰ ਲਿਪੀ ਵਿੱਚ ਵਿਭਾਗ ਨੂੰ (1) ਚਿੰਨ ਲਗਾਇਆ ਜਾਂਦਾ ਹੈ।

## ਆਵਰਤਨ

ਜਦੋਂ ਅਸੀਂ ਤਾਲ ਦੀਆਂ ਮਾਤਰਾਵਾਂ ਨੂੰ ਇਕ ਬੋਲ ਕੇ ਜਾ ਵਜਾ ਕੇ ਇਕ ਚੱਕਰ ਪੂਰਾ ਕਰਦੇ ਹਾਂ ਉਸ ਨੂੰ ਆਵਰਤਨ ਕਹਿੰਦੇ ਹਨ। ਆਵਰਤਨ ਦਾ ਮਤਲਬ ਹੈ ਦੋਹਰਾਨਾ। ਜਦੋਂ ਤੱਕ ਗਾਇਨ ਜਾ ਵਾਦਨ ਦਾ ਪ੍ਰਦਰਸ਼ਨ ਹੁੰਦਾ ਰਹਿੰਦਾ ਹੈ ਤੱਦ ਤਕ ਤਾਲ ਦੇ ਆਵਰਤਨ ਬਣਦੇ ਰਹਿੰਦੇ ਹਨ। ਜਦੋਂ ਅਸੀਂ ਕਿਸੇ ਵੀ ਗੀਤ ਦੀ ਲਾਈਨ ਨੂੰ ਵਾਰ-ਵਾਰ ਇੱਕੋਂ ਲੈਅ ਰੱਖ ਕੇ ਗਾਉਂਦੇ ਜਾਂ ਵਜਾਉਂਦੇ ਹਾਂ ਤਾਂ ਉਸ ਨੂੰ ਆਵਰਤਨ ਕਹਿੰਦੇ ਹਨ ਜਿਵੇਂ ਤਿੰਨ ਤਾਲ 16 ਮਾਤਰਾ ਦੀ ਤਾਲ ਹੈ ਭਾਵ ਇਕ ਮਾਤਰਾ ਤੋਂ ਸੋਲਾ ਮਾਤਰਾ ਤੱਕ ਤਾਲ ਦਾ ਇਕ ਆਵਰਤਨ ਬਣਦਾ ਹੈ।

ਪਾਠ-4

# ਅਲਾਪ -ਆਧੁਨਿਕ ਆਲਾਪ ਦੀ ਗਾਇਨ ਦੀ ਵਿਧੀ

## ਆਲਾਪ

ਆਲਾਪ, ਰਾਗ ਦੇ ਵਿਸਤਾਰ ਕਰਨ ਦਾ ਇਕ ਸਾਧਨ ਹੈ। ਆਲਾਪ ਤੋਂ ਉਸ ਰਾਗ ਦੇ ਬਾਰੇ ਵਿੱਚ ਪਤਾ ਚਲਦਾ ਹੈ ਜਿਸਨੂੰ ਪ੍ਰਦਰਸ਼ਿਤ ਕਰਨਾ ਹੁੰਦਾ ਹੈ।

ਆਲਾਪ ਵਿੱਚ, ਰਾਗ ਵਿੱਚ ਲੱਗਣ ਵਾਲੇ ਸਵਰਾਂ ਨੂੰ ਤਰ੍ਹਾਂ - ਤਰ੍ਹਾਂ ਦੀਆਂ ਕਲਪਨਾਵਾਂ ਨਾਲ ਸਜੀਵ ਕਰਕੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿਉਂਕਿ ਸੰਗੀਤ ਵਿੱਚ ਹਰੇਕ ਸਵਰ ਦਾ ਆਪਣਾ ਹੀ ਮਹੱਤਵ, ਸੁੰਦਰਤਾ ਅਤੇ ਖੂਬਸੂਰਤੀ ਹੁੰਦੀ ਹੈ।

ਆਲਾਪ ਵਿੱਚ ਰਾਗ ਦੀ ਬੰਦਿਸ ਸ਼ੁਰੂ ਕਰਨ ਤੋਂ ਪਹਿਲਾਂ ਬਿਨਾਂ ਕਿਸੇ ਤਾਲ ਤੋਂ ਰਾਗ ਦੇ ਵਾਦੀ, ਸੰਮਵਾਦੀ, ਮੰਡਿ, ਰਾਮਕ ਆਦਿ ਪ੍ਰਯੋਗ ਕਰਦੇ ਹੋਏ ਉਸ ਨੂੰ ਸਜਾਂਦੇ ਹਨ ਅਤੇ ਰਾਗ ਦੇ ਰੂਪ ਨੂੰ ਸਪਸ਼ਟ ਕਰਦੇ ਹਨ। ਆਲਾਪ ਗੰਭੀਰ ਪ੍ਰਕ੍ਰਿਤੀ ਦਾ ਹੁੰਦਾ ਹੈ।

ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡ ਦੇ ਅਨੁਸਾਰਃ " ਗਾਇਕ ਕੋਈ ਵੀ ਗੀਤ ਗਾਉਣ ਤੋਂ ਪਹਿਲਾਂ ਉਸ ਗੀਤ ਵਿੱਚ ਲੱਗਣ ਵਾਲੇ ਰਾਗ-ਸਵਰੂਪ ਦਾ ਥੋੜਾ ਜਿਹਾ ਦਿਗਦਰਸ਼ਨ ਕਰਾਉਂਦੇ ਹਨ, ਉਸੀ ਦੇ ਪ੍ਰਚਾਰ ਵਿੱਚ ਆਲਾਪ ਕਹਿੰਦੇ ਹਨ।"

ਜਦੋਂ ਆਲਾਪ ਵਿੱਚ ਮੰਦਰ ਸਪਤਕ ਤੋਂ ਸੱਧ ਸਪਤਕ ਨੂੰ ਲੈਂਦੇ ਹੋਏ ਤਾਰ ਸਪਤਕ ਵੱਲ ਹੌਲੀ-ਹੌਲੀ ਬੜਤ ਕਰਦੇ ਹੋਏ ਰਾਗ ਦੇ ਭਾਵਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ ਉਸਨੂੰ ਆਲਾਪ ਕਿਹਾ ਜਾਂਦਾ ਹੈ।

ਆਲਾਪ ਗਾਉਣ ਜਾਂ ਪ੍ਰਸਤੁੱਤ ਕਰਨ ਦਾ ਢੰਗ ਹਰੇਕ ਗਾਇਕ ਦਾ ਅਪਣਾ-ਅਪਣਾ ਹੁੰਦਾ ਹੈ।

ਆਧੁਨਿਕ ਆਲਾਪ ਗਾਇਨ ਦੀ ਵਿਧੀ

ਆਧੁਨਿਕ ਕਾਲ ਵਿੱਚ ਆਲਾਪ ਗਾਇਨ ਦੇ ਦੋ ਢੰਗ ਹਨ

1 ਆਕਾਰ ਦਾ ਆਲਾਪ

2 ਨੋਮ–ਤੋਮ ਦਾ ਆਲਾਪ

1 **ਆਕਾਰ ਦਾ ਆਲਾਪ-** ਆਕਾਰ ਦਾ ਆਲਾਪ ਕਰਨ ਲਈ ਆ ਛਛਛ ਦਾ ਉਚਾਰਣ ਕੀਤਾ ਜਾਂਦਾ ਹੈ। ਖਿਆਲ ਗਾਇਕੀ ਵਿੱਚ ਜਿਆਦਾਤਰ ਆਲਾਪ ਕਿਸੇ ਢੰਗ ਨਾਲ ਕੀਤਾ ਜਾਂਦਾ ਹੈ। ਖਿਆਲ ਦੀ ਬੰਦਿਸ਼ ਸ਼ੁਰੂ ਕਰਨ ਤੋਂ ਪਹਿਲਾਂ ਬਿਨਾ ਤਾਲ ਤੋਂ ਜਦੋਂ ਗਾਇਕ ਆਛਛਛ ਸ਼ਬਦਾਂ ਦੇ ਉਚਾਰਣ ਨਾਲ ਰਾਗ ਦੇ ਸਵਰ ਲਗਾਉਂਦੇ ਹੋਏ ਰਾਗ ਦਾ ਸਵਰੂਪ ਸਪਸ਼ਟ ਕਰਦੇ ਹਨ ਆਕਾਰ ਦਾ ਆਲਾਪ ਕਹਲਾਉਂਦਾ ਹੈ।

2 **ਨੋਮ-ਤੋਮ ਦਾ ਆਲਾਪ-** ਨੋਮ–ਤੋਮ ਦਾ ਆਲਾਪ ਕਰਨ ਲਈ ਤਨ,ਦੇ,ਰੇ, ਖਲਾ,ਨਾਰੇ,ਤਨਾਨਾ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਆਲਾਪ ਜ਼ਿਆਦਾਤਰ ਧ੍ਰੁਰਪਦ ਸ਼ੈਲੀ ਵਿੱਚ ਕੀਤਾ ਜਾਂਦਾ ਹੈ। ਧਰੁਪਦ ਨੂੰ ਤਾਲ ਅਤੇ ਗੀਤ ਨਾਲ ਸ਼ੁਰੂ ਕਰਨ ਤੋਂ ਪਹਿਲਾਂ ਬਹੁਤ ਦੇਰ ਤੱਕ ਨੋਮ– ਤੋਮ ਆਦਿ ਦੇ ਸ਼ਬਦਾਂ ਨਾਲ ਆਲਾਪ ਕਰਕੇ ਰਾਗ ਦਾ ਸਵਰੂਪ ਸਪਸ਼ਟ ਕਰਦੇ ਹਨ। ਨੋਮ–ਤੋਮ ਦੇ ਆਲਾਪ ਆਕਾਰ ਦੇ ਆਲਾਪ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੁੰਦੇ ਹਨ।

ਪਾਠ–5

# ਤਾਨ-ਤਾਨ ਦੀਆਂ ਕਿਸਮਾਂ

## ਤਾਨ

ਤਾਨ ਰਾਗ ਨੂੰ ਵਿਸਤਾਰ ਕਰਨ ਦਾ ਇੱਕ ਸਾਧਨ ਹੈ। ਤਾਨ ਉਸ ਸਵਰ–ਸਮੂਹ ਨੂੰ ਕਹਿੰਦੇ ਹਨ ਜਿਸ ਦੇ ਰਾਹੀਂ ਦਰੁਤ ਲੈਅ ਨਾਲ ਰਾਗ ਦਾ ਵਿਸਤਾਰ ਕੀਤਾ ਜਾਂਦਾ ਹੈ।

ਤਾਨ ਸ਼ਬਦ 'ਤਨ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ– ਤਾਨਨਾ, ਖਿੱਚਣਾ,ਫੈਲਾਉਣਾ। ਤਾਨਾਂ ਵਿੱਚ ਸਵਰਾਂ ਦਾ ਪ੍ਰਯੋਗ ਰਾਗ ਸਵਰੂਪ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। ਤਾਨਾਂ ਦੇ ਅਲੱਗ– ਅਲੱਗ ਕ੍ਰਮਾਂ ਅਤੇ ਭਿੰਨ–ਭਿੰਨ ਤਰ੍ਹਾਂ ਦੇ ਪ੍ਰਯੋਗਾਂ ਨਾਲ ਰਾਗ ਵਿੱਚ ਵਿਚਿਤੱਰਤ ਚਮਤਕਾਰ ਅਤੇ ਖ਼ੂਬਸੂਰਤੀ ਪੈਂਦਾ ਹੁੰਦੀ ਹੈ।

ਤਾਨ ਅਤੇ ਤੋੜਾ ਇਕ ਹੀ ਚੀਜ਼ ਹੁੰਦੀ ਹੈ। ਕਿਉਂਕਿ ਤਾਨ ਦਾ ਪ੍ਰਯੋਗ ਗਾਇਨ ਵਿੱਚ ਅਤੇ ਵਾਦਨ ਵਿੱਚ ਤੋੜਾ ਕਹਿਲਾਉਂਦਾ ਹੈ, ਤਾਨਾਂ ਅਤੇ ਤੋੜਿਆਂ ਦੀ ਵਿਵਿਧਤਾ ਤੋਂ ਹੀ ਰਾਗ ਦੀ ਖ਼ੂਬਸੂਰਤੀ ਵਿੱਚ ਵਾਧਾ ਹੁੰਦਾ ਹੈ। ਕਿਸੀ ਵੀ ਰਾਗ ਵਿੱਚ ਉਸ ਦੇ ਲੱਗਣ ਵਾਲੇ ਸਵਰਾਂ ਤੋਂ ਹੀ ਤਾਨਾਂ ਨੂੰ ਬਣਾ ਕੇ ਰਾਗ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ।

ਪੰ ਭਾਤਖੰਡੇ ਜੀ ਦੇ ਸ਼ਬਦਾਂ ਵਿੱਚ,"ਰਾਗ ਗਾਇਨ ਨੂੰ ਵਿਸਤਰਿਤ ਕਰਨ ਲਈ ਤਾਨਾਂ ਦਾ ਪ੍ਰਯੋਗ ਹੁੰਦਾ ਹੈ।" ਤਾਨਾਂ ਦਾ ਮੁੱਖ ਉਦੇਸ਼ ਗਾਇਨ ਦੀ ਵਚਿੱਤਰਤਾ ਵਧਾਉਣਾ ਹੈ।

ਪੰ ਨਾਥ ਠਾਕੁਰ ਜੀ ਦੇ ਸ਼ਬਦਾਂ ਵਿੱਚਃ–"ਜਦ ਕੋਈ ਅਲੰਕਾਰ ਕਿਸੀ ਰਾਗ ਦੇ ਨਿਯਮਾਂ ਵਿੱਚ ਬੰਨ ਕੇ ਕੀਤਾ ਜਾਂਦਾ ਹੈ ਤਦ ਉਹ ਤਾਨ ਕਹਲਾਉਂਦੀ ਹੈ।"

ਤਾਨਾਂ ਦਾ ਉਹ ਸਵਰ ਸਮੂਹ ਜੋ ਰਾਗ ਵਿੱਚ ਭਿੰਨ–ਭਿੰਨ ਕ੍ਰਮਾਂ ਅਤੇ ਪ੍ਰਯੋਗਾਂ ਰਾਹੀਂ ਰਾਗ ਦਾ ਵਿਸਤਾਰ ਕਰਦੇ ਹੋਏ ਉਸ ਵਿੱਚ ਚਮਤਕਾਰ ਰੋਮਾਂਚ, ਅਦਭੁੱਤਤਾ,ਸੁੰਦਰਤਾ ਭਰਦੇ ਹੋਏ ਰਾਗ ਨੂੰ ਅਲੰਕ੍ਰਿਤ ਕਰੇ।"

## ਤਾਨਾਂ ਦੀਆਂ ਕਿਸਮਾਂ

ਤਾਨਾਂ ਦੇ ਅਲਗ-ਅਲਗ ਪ੍ਰਯੋਗਾਂ ਦੇ ਪ੍ਰਚਲਨ ਤੋਂ ਤਾਨਾਂ ਦੇ ਕਈ ਪ੍ਰਕਾਰ ਜਾਂ ਕਿਸਮਾਂ ਮੰਨੀਆਂ ਜਾਂਦੀਆਂ ਹਨ।

1 **ਸ਼ੁਧਤਾਨ** : ਜਿਸ ਤਾਨ ਦੇ ਸਵਰ ਕ੍ਰਮ ਅਨੁਸਾਰ ਹੋਣ ਉਸਨੂੰ ਸ਼ੁਧ ਤਾਨ ਜਾਂ ਸਪਾਟ ਤਾਨ ਕਿਹਾ ਜਾਂਦਾ ਹੈ। ਜਿਵੇਂ ਸ ਰੇ ਗ ਮ ਪ ਧ ਨੀ ››ਸ,ਸ ਨੀ ਧ ਪ ਮ ਗ ਰੇ ਸ।

2 **ਕੂਟ ਤਾਨ** : ਜਿਸ ਤਾਨ ਦੇ ਸਵਰ ਕ੍ਰਮ ਅਨੁਸਾਰ ਨਹੀਂ ਹੁੰਦੇ, ਵਕਰ ਕ੍ਰਮ ਨਾਲ ਲੱਗਦੇ ਹਨ ਉਸਨੂੰ ਕੂਟਤਾਨ ਕਹਿੰਦੇ ਹਨ। ਸ ਨੀ, ਰੇ, ਸਾ,ਗ ਰੇ ਮਗ।

3 **ਮਿਸ਼ਰ ਤਾਨ**:- ਸ਼ੁਧ ਅਤੇ ਕੂਟ ਤਾਨਾਂ ਦਾ ਮਿਸ਼ਰਣ ਹੋਵ ਮ੍ਰਿਸ਼ ਤਾਨ ਕਹਿਲਾਉਂਦੀ ਹੈ। ਜਿਵੇਂ ਸ ਰੇ ਗ ਮ ਪ ਮ ਗ ਮ ਗ ਰੇ ਮ।

4 **ਅਲੰਕਾਰਿਕ ਤਾਨ**:- ਜੋ ਤਾਨਾਂ ਅਲੰਕਾਰਾਂ ਤੇ ਅਧਾਰਿਤ ਹੋਣ ਉਹਨਾਂ ਨੂੰ ਅਲੰਕਾਰਿਕ ਤਾਨ ਕਿਹਾ ਜਾਂਦਾ ਹੈ। ਇਸ ਪ੍ਰਕਾਰ ਦੀਆਂ ਤਾਨਾਂ ਵਿੱਚ ਜ਼ਿਆਦਾਤਰ ਆਰੋਹ ਅਤੇ ਅਵਰੋਹ ਵਿੱਚ ਸਵਰਾਂ ਦਾ ਕ੍ਰਮ ਅਨੁਸਾਰ ਅਤੇ ਨਿਯਮ ਅਨੁਸਾਰ ਹੁੰਦਾ ਹੈ ਜਿਵੇਂ: ਨ਼ੀ ਸ ਗੁ ਮ ਪ ਗ ਮ ਪ ਨੀ ਸ ਸ ਨ਼ੀ ਧ ਪ, ਧ ਪ ਮ ਆਦਿ।

5 **ਛੁਟ ਤਾਨ**: ਤਾਨ ਸਪਤਕ ਦੇ ਕਿਸੀ ਇਕ ਸਵਰ ਨੂੰ ਜਲਦੀ ਨਾਲ ਛਡਦੇ ਹੋਏ ਸਪਾਟ ਤਾਨ ਲੈ ਕੇ ਵਾਪਸ ਆਉਣ ਨੂੰ ਛੁਟ ਤਾਨ ਕਹਿੰਦੇ ਹਨ। ਜਿਵੇਂ ਰਾਂਸ ਰੇਂਸ ਨੀਧ ਪਮ ਨਿਰੇ ਸਸ।

6 **ਸਰਗਮ ਤਾਨ**: ਜਿਸ ਤਾਨ ਨੂੰ ਸਵਰਾਂ ਵਿੱਚ ਹੀ ਗਾਇਆ ਜਾਵੇ ਗੀਤ ਦੇ ਬੋਲਾਂ ਨੂੰ ਜਾਂ ਆਕਾਰ ਵਿੱਚ ਨਾਂ ਲਿਆ ਜਾਵੇ ਉਸਨੂੰ ਸਰਗਮ ਤਾਨ ਕਹਿੰਦੇ ਹਨ।

7 **ਬੋਲਤਾਨ**: ਜਿਸ ਤਾਨ ਵਿੱਚ ਸਵਰਾਂ ਦਾ ਆਕਾਰ ਲੈਣ ਦੀ ਥਾਂ ਗੀਤ ਦੇ ਬੋਲਾਂ ਵਿੱਚ ਗਾਇਆ ਜਾਵੇ ਉਸਨੂੰ ਬੋਲਤਾਨ ਕਹਿੰਦੇ ਹਨ। ਇਸ ਤਾਨ ਵਿੱਚ ਗੀਤ ਦੇ ਬੋਲਾਂ ਨੂੰ ਹੀ ਤਾਨ ਵਿੱਚ ਗਾਇਆ ਜਾਂਦਾ ਹੈ।

8 **ਰਾਮਕ ਤਾਨ**: ਇਸ ਤਾਨ ਵਿੱਚ ਸਵਰਾਂ ਨੂੰ ਅੰਦੋਲਿਤ ਕੀਤਾ ਜਾਂਦਾ ਹੈ ਅਤੇ ਦਿਲ ਤੇ ਜ਼ੋਰ ਦੇ ਕੇ ਹੀ ਬੋਲਿਆ ਜਾਂਦਾ ਹੈ ਇਸਨੂੰ ਲੈਅ ਦੇ ਉਲਟ ਜਾਂ ਬਰਾਬਰ ਲੈਅ ਵਿੱਚ ਗਾਇਆ ਜਾਂਦਾ ਹੈ ਜਿਵੇਂ ਸਛਛਛਛ ਰੇ ਛਛਛਛ।

9 ਲਤ੍ਰਤ ਤਾਨः- ਜਿਸ ਤਾਨ ਵਿੱਚ ਕਈ ਲੈਅਕਾਰੀਆਂ ਦਾ ਮਿਸ਼ਰਣ ਹੋਵੇ ਅਤੇ ਜਿਸ ਵਿੱਚ ਗਾਇਕ ਅਤੇ ਤਬਲਾ ਵਜਾਉਣ ਵਾਲਾ, ਇਕ ਤਰ੍ਹਾਂ ਦੀ ਲਤ੍ਰਤ ਹੋਵੇ ਉਸਨੂੰ ਲਤ੍ਰਤ ਤਾਨ ਕਹਿੰਦੇ ਹਨ ਜਿਵੇਂ ਸ ਨੀ ਸ ਰੇ ਰੇ ਰੇ ਰੇ ਗ ਮ ਗ ਮ ਪ ਪ ਪ ਪ । ਇਸ ਵਿੱਚ ਦੋ ਤਿੰਨ ਸਵਰਾਂ ਦਾ ਪ੍ਰਯੋਗ ਕਈ ਵਾਰ ਅਤੇ ਕਈ ਤਰ੍ਹਾਂ ਨਾਲ ਕੀਤਾ ਜਾਂਦਾ ਹੈ।

ਉਪਰ ਲਿਖਿਆਂ ਤੋਂ ਇਲਾਵਾ ਵੀ ਕਈ ਤਰ੍ਹਾਂ ਦੀਆਂ ਤਾਨਾਂ ਹੁੰਦੀਆਂ ਹਨ ਜਿਵੇਂ- ਜਬੜੇ ਦੀ ਤਾਨ, ਫਿਰਤਤਾਨ ਹਲਕਤਾਨ, ਝਟਕੇ ਦੀ ਤਾਨ, ਅਚਰਕਤਾਨ, ਸਰੋਕਤਾਨ, ਦਾਨੇਦਾਰ ਤਾਨ, ਗਿਟਕੜੀ ਦੀ ਤਾਨ, ਖਟਕੇ ਦੀ ਤਾਨ, ਪਲਟਤਾਨ ਆਦਿ।

ਪਾਠ-6

# ਹਾਰਮੋਨੀਅਮ-ਇਤਿਹਾਸ, ਅੰਗ ਵਰਣਨ ਹਾਰਮੋਨੀਅਮ

ਆਧਨਿਕ ਕਾਲ ਦਾ ਸਭ ਤੋਂ ਵੱਧ ਲੋਕ ਪ੍ਰਿਅ(ਮਨਭਾਉਂਦਾ) ਅਤੇ ਸੋਖਾ ਵਾਦਯ (ਸਾਜ਼) ਹਾਰਮੋਨੀਅਮ ਮੰਨਿਆ ਜਾਂਦਾ ਹੈ। ਇਹ ਜਿੰਨਾ ਬਾਕੀ ਸਾਜ਼ਾ ਤੋਂ ਸਸਤਾ ਹੈ, ਉਨੀ ਹੀ ਇਸ ਦੀ ਰੱਖ ਰਖਾਵ ਅਤੇ ਸੰਭਾਲ ਕਰਨੀ ਬਹੁਤ ਹੀ ਸੋਖੀ ਹੈ। ਇਹ ਕਿਸੇ ਵੀ ਜਗ੍ਹਾ ਤੇ ਅਸਾਨੀ ਨਾਲ ਚੁੱਕ ਕੇ ਇਧਰ-ਉਧਰ ਲੈ ਜਾਇਆ ਜਾ ਸਕਦਾ ਹੈ। ਹਾਰਮੋਨੀਅਮ ਵਜਾਣ (ਵਜਾਉਣ) ਵਿੱਚ ਬਹੁਤ ਅਸਾਨ ਹੋਣ ਕਾਰਨ ਇਸ ਦੀ ਗੂੰਜ ਹਰੇਕ ਘਰ ਵਿਚ ਸੁਣਾਈ ਦਿੰਦੀ ਹੈ। ਸੰਗੀਤ ਦੇ ਪ੍ਰਚਾਰ ਵਿਚ ਹਾਰਮੋਨੀਅਮ ਦਾ ਬਹੁਤ ਸਹਿਯੋਗ ਮੰਨਿਆ ਜਾਂਦਾ ਹੈ। ਵਿਦੇਸ਼ੀ ਸਾਜ਼ ਹੋਣ ਤੇ ਵੀ ਇਹ ਭਾਰਤੀ ਸਾਜ਼ (ਵਾਦਯ) ਜ਼ਿਆਦਾ ਲਗਦਾ ਹੈ ਕਿਉਂਕਿ ਭਾਰਤ ਵਿਚ ਇਸ ਦਾ ਜ਼ਿਆਦਾ ਪ੍ਰਚਲਨ ਹੈ। ਮੰਦਰਾਂ ਵਿਚ ਭਜਨ, ਗੁਰਦੁਆਰੇ ਵਿੱਚ ਸ਼ਬਦ ਕੀਰਤਨ ਅਤੇ ਮਹਿਫਲਾਂ ਵਿਚ ਇਸ ਦੀ ਸੰਗਤ ਕੀਤੀ ਜਾਂਦੀ ਹੈ।

ਇਸਦਾ ਅਵਿਸ਼ਕਾਰ 15 ਸਦੀ 1840 ਈ ਵਿੱਚ ਫਰਾਂਸ ਦੇ ਪੈਰਿਸ ਸ਼ਹਿਰ ਵਿਚ ਅਲੈਗਜ਼ੈਂਡਰ ਡਿਬੇਨ ਨੇ ਕੀਤਾ। ਗ੍ਰੀਸ ਸ਼ਬਦ ਦੇ ਹਾਰਮਨੀ ਤੋਂ ਹਾਰਮੋਨੀਅਮ ਦਾ ਨਾਂ ਰੱਖਿਆ ਗਿਆ। ਹਾਰਮਨੀ ਦਾ ਅਰਥ ਹੈ ਸਵਰ- ਸੰਵਾਦ। ਜਦੋਂ ਦੋ ਜਾਂ ਦੋ ਤੋਂ ਜ਼ਿਆਦਾ ਸਵਰਾਂ ਨੂੰ ਇੱਕਸ (ਇਕੱਠੇ) ਵਜਾਉਣ ਤੇ ਜੋ ਮਧੁਰ ਭਾਵ ਨੂੰ ਪੈਦਾ ਕੀਤਾ ਜਾਂਦਾ ਹੈ। ਤਦ ਉਹ ਹਾਰਮਨੀ ਹੈ। ਇਸੇ ਲਈ ਹਾਰਮੋਨੀਅਮ ਨੂੰ 'ਸਵਰ ਸੰਵਾਦਨੀ' ਕਿਹਾ ਜਾਂਦਾ ਹੈ।

ਇਸਨੂੰ ਸਵਰ ਮੰਜੁਸ਼ਾ, ਸਵਰ ਪੇਟੀ ਜਾਂ ਸਧਾਰਣ ਭਾਸ਼ਾ ਵਿੱਚ ਪੇਟੀ ਜਾਂ ਵਾਜਾ ਵੀ ਕਿਹਾ ਜਾਂਦਾ ਹੈ।

ਹਾਰਮੋਨੀਅਮ ਦੇ ਪ੍ਰਚਾਰ ਤੋਂ ਪਹਿਲਾਂ ਪਿਆਨੋ(ਬਜ਼ਅਰ) ਦਾ ਪ੍ਰਚਾਰ ਰਿਹਾ। ਪਿਆਨੋਂ ਜਿਆਦਾ ਮਹਿੰਗੇ ਹੋਣ ਕਾਰਨ ਅਤੇ ਆਕਾਰ ਵਿਚ ਵੱਡੀ ਹੋਣ ਕਾਰਨ ਇੱਧਰ- ਉੱਧਰ ਲਿਆਉਣ- ਲੈ ਜਾਣ ਵਿਚ ਬੜੀ ਮੁਸ਼ਕਿਲ ਆਉਂਦੀ ਸੀ ਇਸੇ ਲਈ ਹਾਰਮੋਨੀਅਮ ਦਾ ਅਵਿਸ਼ਕਾਰ ਹੋਇਆ। ਇਸ ਦੀ ਗਿਣਤੀ ਸੁਸ਼ਿਰ- ਵਾਦਆਂ (ਸਾਜ਼ਾਂ) ਵਿਚ ਆਉਂਦੀ ਹੈ।

## ਅੰਗ- ਵਰਣਨ

ਹਾਰਮੋਨੀਅਮ ਆਮ ਤੌਰ ਤੇ ਤਿੰਨ ਜਾਂ ਸਾਢੇ ਤਿੰਨ ਸਪਤਕਾਂ ਦੇ ਹੁੰਦੇ ਹਨ। ਇਹ ਸਿੰਗਲ ਅਤੇ ਡਬਲ ਰੀਡ ਦੇ ਹੁੰਦੇ ਹਨ। ਇਸ ਵਿਚ ਸਵਰ ਉਤਾਰੇ ਜਾਂ ਚੜਾਏ ਨਹੀਂ ਜਾਂਦੇ ਸਗੋਂ ਸਥਿਰ ਹੁੰਦੇ ਹਨ। ਇਹਨਾਂ ਸਵਰਾਂ ਨੂੰ ਫਰੀ ਰੀਡ ਕਿਹਾ ਜਾਂਦਾ ਹੈ।

1 **ਰੀਡ**: ਇਹ ਧਾਤੂ ਦੇ ਬਣੇ ਹੁੰਦੇ ਹਨ। ਇਹਨਾਂ ਦੇ ਵਿਚਕਾਰ ਪਤਲੀ ਪੱਤੀ ਲੱਗੀ ਹੁੰਦੀ ਹੈ ਜੋ ਹਵਾ ਦੇ ਟਕਰਾਣ ਨਾਲ ਕੰਪਣ ਪੈਦਾ ਕਰਦੀ ਹੈ। ਹਵਾ ਦੇ ਬੰਦ ਹੋਣ ਤੇ ਹੀ ਰੀਡਜ਼ ਦੀ ਕੰਪਣ ਬੰਦ ਹੋ ਜਾਂਦੀ ਹੈ ਤੇ ਆਵਾਜ਼ ਬੰਦ ਹੋ ਜਾਂਦੀ ਹੈ।

2 ਹਾਰਮੋਨੀਅਮ ਵਿਚ ਹਵਾ ਭਰਨ ਦੇ ਲਈ ਪਿੱਛੇ ਧੌਂਕਣੀ ਹੁੰਦੀ ਹੈ। ਇਸ ਨੂੰ ਖੱਬੇ ਹੱਥ ਦੇ ਨਾਲ ਅੱਗੇ -ਪਿੱਛੇ ਕਰਨ ਦੇ ਨਾਲ ਹਵਾ ਭਰਦੀ ਹੈ।

3 **ਸੁਰਾਖ**: ਧੌਂਕਣੀ ਦੇ ਪਿੱਛੇ ਠੀਕ ਵਿਚਕਾਰਲੇ ਪਾਸੇ ਇੱਕ ਛੋਟਾ ਜਿਹਾ ਛੇ ਜਾਂ ਅੱਠ ਸੁਰਾਖਾਂ ਵਾਲਾ ਭਾਗ ਹੁੰਦਾ ਹੈ ਜਿਸ ਵਿਚੋਂ ਹੋ ਕੇ ਹਵਾ ਅੰਦਰ ਬਾਹਰ ਆਉਂਦੀ-ਜਾਂਦੀ ਰਹਿੰਦੀ ਹੈ।

4 **ਸਟਾਪਰ** ਹਾਰਮੋਨੀਅਮ ਦੇ ਸਾਹਮਣੇ ਵਾਲੇ ਪਾਸੇ ਕੁੱਝ ਸਟਾਪਰ ਲੱਗੇ ਹੁੰਦੇ ਹਨ। ਜਿਨ੍ਹਾਂ ਨੂੰ ਖੋਲਣ ਅਤੇ ਬੰਦ ਕਰਨ ਤੇ ਹਾਰਮੋਨੀਅਮ ਦੀ ਅੰਦਰ ਦੀ ਹਵਾ ਨੂੰ ਲੋੜ ਅਨੁਸਾਰ ਹਲਕੀ ਜਾਂ ਭਾਰੀ ਕੀਤਾ ਜਾ ਸਕਦਾ ਹੈ।

5 **ਪਰਦੇ**: ਹਾਰਮੋਨੀਅਮ ਦੇ ਉੱਪਰ ਵਾਲੇ ਪਾਸੇ ਲੱਕੜੀ ਦੀਆਂ ਪੱਟੀਆਂ ਲੱਗੀਆਂ ਹੁੰਦੀਆਂ ਹਨ ਜੋ ਪਰਦੇ ਕਹਾਂਉਂਦੀਆਂ ਹਨ। ਇਨ੍ਹਾਂ ਪਰਦਿਆਂ ਤੇ ਕਾਲੇ ਜਾਂ ਸਫੈਦ ਰੰਦ ਦੇ ਪਲਾਸਟਿਕ ਲਗਾ ਕੇ ਪਰਦਿਆਂ ਨੂੰ  ਸੁੰਦਰ ਬਣਾਇਆ ਜਾਂਦਾ ਹੈ ਇਹਨਾਂ ਪਰਦਿਆਂ ਨਾਲ ਹਾਰਮੋਨੀਅਮ ਦੇ ਗੰਡਸ ਇੱਕ ਪਾਸੇ ਤੋਂ ਬੰਦ ਰਹਿੰਦੇ ਹਨ।  ਹਵਾ ਗੰਡਸ ਵਿੱਚੋਂ ਬਾਹਰ ਨਹੀਂ ਨਿਕਲਦੀ। ਇਹਨਾਂ ਪਰਦਿਆਂ ਨੂੰ ਸੱਜੇ ਹੱਥ ਦੀਆਂ ਉਂਗਲਾਂ ਨਾਲ ਦਬਾਉਣ ਤੇ ਰੀਡਜ਼ ਵਿੱਚਲੀ ਹਵਾ ਬਾਹਰ ਨਿਕਲਦੀ ਹੈ ਤੇ ਜਿਸ ਤੋਂ ਅਵਾਜ਼ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਹਾਰਮੋਨੀਅਮ ਵਜਾ ਕੇ ਗਾਇਨ ਦੀ ਸੰਗਤ ਕੀਤੀ ਜਾਂਦੀ ਹੈ।

ਹਾਰਮੋਨੀਅਮ ਦੀ ਬਨਾਵਟ ਕੁੱਝ ਦੋਸ਼ਪੂਰਣ ਵੀ ਮੰਨੀ ਜਾਂਦੀ ਹੈ। ਇਸ ਵਿੱਚੋਂ ਹਮੇਸ਼ਾਂ ਖੜੇ-ਖੜੇ ਸਵਰ ਨਿਕਲਦੇ ਹਨ। ਸ਼ਾਸਤਰੀ ਸੰਗੀਤ ਵਿੱਚ ਸਿਰਫ ਖੜੇ ਸਵਰਾਂ

ਤੋਂ ਕੰਮ ਨਹੀਂ ਚੱਲਦਾ, ਮੀਂਡ, ਗਮਕ ਆਦਿ ਕਿਰਿਆਵਾਂ ਲਈ ਇਹ ਵਾਦਅ (ਸਾਜ਼) ਉਪਯੋਗੀ ਨਹੀਂ ਹੈ ਇਸ ਦੀ ਬਣਤਰ 12 ਸਵਰਾਂ ਨਾਲ ਹੈ। ਭਾਰਤੀ ਸੰਗੀਤ 22 ਸ਼ਰੁਤੀਆਂ

ਤੇ ਅਧਾਰਤ ਹੈ। ਇਸ ਲਈ ਇਹ ਵਾਦਅ ਸਵਰ-ਸਾਧਨਾ ਲਈ ਉਪਯੁਕਤ ਨਹੀਂ ਹੈ। ਇਸ ਦੇ ਬਾਵਜੂਦ ਵੀ ਇਸ ਵਾਦਅ (ਸਾਜ਼) ਦਾ ਪ੍ਰਯੋਗ ਦਿਨ ਦੁੱਗਣੀ ਰਾਤ ਚੌਗਣੀ ਵਧਦਾ ਜਾ ਰਿਹਾ ਹੈ। ਸੰਗੀਤ ਮਹਿਫਲਾਂ ਤੋਂ ਇਲਾਵਾ ਇਸ ਦਾ ਸਵਤੰਤਰ ਜਾਂ ਏਕਲ ਵਾਦਨ ਵੀ ਦਿੱਤਾ ਜਾਂਦਾ ਹੈ।

ਪਾਠ-7

# ਭਾਰਤੀ ਸੰਗੀਤ ਵਿੱਚ ਵਾਦਾ ਦਾ ਮਹੱਤਵ

ਪ੍ਰਾਚੀਨ ਕਾਲ ਤੋਂ ਹੀ ਭਿੰਨ-ਭਿੰਨ ਵਾਦਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ ਜਿਵੇਂ ਸਰਸਵਤੀ ਦੀ ਵੀਨਾ,ਭਗਵਾਨ ਸ਼ੰਕਰ ਦਾ ਡਮਰੂ, ਵਿਸ਼ਨੂੰ ਦਾ ਸੰਖ ਕ੍ਰਿਸ਼ਨ ਦੀ ਬਾਸੁੰਰੀ ਆਦਿ। ਸੰਗੀਤ ਵਾਦਾ ਦੇ ਸਹਿਯੋਗ ਨਾਲ ਹੀ ਅੱਗੇ ਪ੍ਰਭਾਵਸ਼ਾਲੀ ਬਣਦਾ ਹੈ। ਸੰਗੀਤ ਦੀਆਂ ਮੁੱਖ ਤਿੰਨ ਕਲਾਵਾਂ ਹਨ ਗਾਇਨ, ਵਾਦਨ ਤੇ ਨ੍ਰਿਤ ਇਹ ਤਿੰਨੋਂ ਕਲਾਵਾਂ ਵੀ ਅਲੱਗ-ਅਲੱਗ ਵਾਦਾਂ ਤੇ ਅਧਾਰਿਤ ਹੈ। ਜੇਕਰ ਇਹਨਾਂ ਕਲਾਵਾਂ ਵਿਚ ਵਾਦਾਂ ਦਾ ਪ੍ਰਯੋਗ ਨਾ ਕੀਤਾ ਜਾਵੇ ਤਾ ਇਹ ਕਲਾਵਾਂ ਵਾਦਾਂ ਤੋਂ ਬਿਨਾਂ ਨੀਰਸ, ਬੇਜਾਨ ਲੱਗਣਗੀਆਂ। ਇਹਨਾਂ ਕਲਾਵਾਂ ਵਿਚ ਵਾਦ ਤਾਲ ਤੇ ਲੈਅ ਦੇਣ ਲਈ ਵਰਤੇ ਜਾਂਦੇ ਹਨ। ਇੱਥੇ ਕਹਿਣਾ ਗਲਤ ਨਹੀਂ ਕਿ ਸਵਰ ਲੈਅ ਤਾਲ ਦੇਣ ਵਾਲੇ ਵਾਦਾਂ ਤੋਂ ਬਿਨਾ ਸਾਡਾ ਸਮੁੱਚਾ ਸੰਗੀਤ ਅਧੂਰਾ ਹੈ। ਇਸ ਲਈ ਸੰਗੀਤ ਵਿਚ ਤਾਲ ਵਾਦਾਂ ਤੇ ਸਵਰ ਵਾਦਾਂ ਦਾ ਆਪਣਾ ਹੀ ਮਹੱਤਵ ਹੈ। ਅਲੱਗ- ਅਲੱਗ ਸ਼ੈਲੀਆਂ ਦਾ ਚਲਣ ਵੱਖਰਾ ਹੋਣ ਕਰਕੇ ਅਲੱਗ -ਅਲੱਗ ਵਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਅਧਾਰ ਤੇ ਵਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਵਾਦਾਂ ਨੂੰ ਅਸੀਂ ਚਾਰ ਭਾਗਾਂ ਵਿਚ ਵੰਡਦੇ ਹਾਂ:

1. **ਤੱਤਵਾਦ:** ਜਿਨ੍ਹਾਂ ਵਾਦਾਂ ਤੇ ਪ੍ਰਹਾਰ ਉਂਗਲੀ ਨਾਲ, ਰਾਜ ਨਾਲ, ਲਕੜੀ ਨਾਲ ਜਾਂ ਮਿਜਰਾਬ ਨਾਲ ਕੀਤਾ ਜਾਂਦਾ ਹੈ ਉਹਨਾਂ ਨੂੰ ਤੱਤਵਾਦ ਕਹਿੰਦੇ ਹਨ ਜਿਵੇਂ ਸਿਤਾਰ, ਤਾਨਪੁਰਾ, ਦਿਲਰੁਬਾ, ਸਾਰੰਗੀ, ਵਾਇਲਨ ਸੰਤੂਰ ਇਸੀ ਸ੍ਰੇਣੀ ਵਿਚ ਆਉਂਦੇ ਹਨ।

2. **ਅਵਨਦ ਵਾਦ:** ਜਿਹਨਾਂ ਵਾਦਾਂ ਤੇ ਚਮੜਾ ਮੜਿਆ ਹੁੰਦਾ ਹੈ ਉਸ ਤੇ ਪ੍ਰਹਾਰ ਕਰਨ ਤੇ ਸੁਰ ਉਤਪਨ ਹੁੰਦਾ ਹੈ ਉਹ ਅਵਨਦ ਵਾਦ ਹੈ ਜਿਵੇਂ ਢੋਲ, ਢੋਲਕੀ, ਢੱਡ, ਤਬਲਾ, ਨਗਾਰਾ, ਖੰਜਰੀ, ਡਮਰੂ ਇਸ ਸ੍ਰੇਣੀ ਵਿਚ ਆਉਂਦੇ ਹਨ।

3. **ਸ਼ੁਸ਼ਿਰ ਵਾਦ**: ਜਿਨ੍ਹਾਂ ਵਾਦਾਂ ਵਿਚ ਹਵਾ ਭਰ ਕੇ ਹਵਾ ਦੀ ਕੰਪਨ ਨਾਲ ਸਵਰ ਉਤਪੰਨ ਕੀਤੇ ਜਾਂਦੇ ਹਨ ਉਹ ਸ਼ੁਸ਼ਿਰ ਵਾਦ ਹਨ ਜਿਵੇਂ ਹਾਰਮੋਨੀਅਮ, ਵੀਨਾ, ਸਹਿਨਾਈ, ਅਲਗੋਜੇ, ਪਿਆਨੋ ਆਦਿ ਇਹ ਸਾਰੇ ਵਾਦ ਇਸ ਸ੍ਰੇਣੀ ਵਿਚ ਆਉਂਦੇ ਹਨ।

4. **ਘਣਵਾਦ**: ਜਿਨ੍ਹਾਂ ਵਾਦਾਂ ਤੇ ਲਕੜੀ ਦੀ ਛੜੀ ਨਾਲ ਪ੍ਰਹਾਰ  ਨਾਲ ਜਾ ਆਪਸੀ ਰਗੜ ਨਾਲ ਜੋ ਸੰਗੀਤ ਪੈਦਾ ਕੀਤਾ ਜਾਂਦਾ ਹੈ ਉਹਨਾਂ ਵਾਦਾਂ ਨੂੰ ਘਣਵਾਦ ਕਹਿੰਦੇ ਹਨ ਜਿਵੇਂ :- ਚਿਮਟਾ, ਮੰਜੀਰਾ, ਖੜਤਾਲ, ਛੁਟਛੁਟਾ ਆਦਿ ਇਹ ਸਾਰੇ ਵਾਦ ਇਸ ਸ੍ਰੇਣੀ ਵਿਚ ਆਉਂਦੇ ਹਨ।

ਇਹ ਚਾਰੋਂ ਤਰ੍ਹਾਂ ਦੇ ਵਾਦਾਂ ਦਾ ਪ੍ਰਯੋਗ ਸੰਗੀਤ ਵਿਚ ਕੀਤਾ ਜਾਂਦਾ ਹੈ  ਅੱਜ ਕੱਲ ਭਾਰਤੀ ਸੰਗੀਤ ਵਿਚ ਇਕਾਕੀ ਵਾਦਨ ਦਾ ਬਹੁਤ ਪ੍ਰਚਲਨ ਹੈ ਇਸ ਵਿਚ ਵਾਦਨ ਕਿਸੇ ਇੱਕ ਵਾਦ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਇਕਲਾ ਹੀ ਕਰਦਾ ਹੈ ਇਕਾਕੀ ਵਾਦਨ ਦੇ ਅੰਤਰਗਤ ਤਬਲਾ, ਸਿਤਾਰ, ਹਾਰਮੋਨੀਅਮ, ਸਾਰੰਗੀ, ਸਰੋਦ, ਵਚਿੱਤਰ ਵੀਨਾ ਆਦਿ ਵਾਦ ਆਉਂਦੇ  ਹਨ। ਅੱਜ ਕੱਲ ਗਾਇਕੀ ਦੀ ਕਲਾ ਵਿਚ ਹਾਰਮੋਨੀਅਮ ਇਕਾਕੀ ਵਾਦਨ ਵਜੋਂ ਬਹੁਤ ਹੀ  ਪ੍ਰਚਲਨ ਵਿੱਚ ਆ ਗਿਆ ਹੈ ਇਹ ਸਾਜ਼ ਆਵਾਜ਼ ਦਾ ਸੁਰ ਭਰਨ ਲਈ ਵਰਤਿਆ ਜਾਂਦਾ ਹੈ ਇਸੀ ਤਰ੍ਹਾ ਇਕਾਕੀ ਵਾਦਨ ਦੇ ਵਾਦਾਂ ਵਿਚੋਂ ਤਬਲੇ ਦਾ ਪ੍ਰਚਲਨ ਅੱਜ -ਕੱਲ ਬਹੁਤ ਹੈ ਹਰ ਇੱਕ ਸੰਗੀਤ ਨਾਲ ਜਾਂ ਇਕਾਕੀ ਵਾਦਨ ਦੇ ਰੂਪ ਵਿਚ ਤਬਲਾ ਵਾਦਨ ਇਸ ਤਰ੍ਹਾਂ ਪ੍ਰਦਰਸ਼ ਲੈਅ ਤੇ ਤਾਲ ਦੇਣ ਲਈ ਕਰਦਾ ਹੈ। ਜੇਕਰ ਇਹ ਸਾਜ਼ ਸੰਗੀਤ ਕਲਾਵਾਂ ਨਾਲ ਨਾ ਵਜੇ ਤਾਂ ਸੰਗੀਤ ਨੀਰਸ ਲੱਗਦਾ ਹੈ।

ਅੱਜ- ਕੱਲ ਇਕਾਕੀ ਵਾਦਨ ਦੇ ਨਾਲ ਵਾਦਵਰਿੰਦ ਦਾ ਵੀ ਬਹੁਤ ਪ੍ਰਚਲਣ ਹੈ ਇਸ ਕਲਾ ਵਿੱਚ ਜਦੋਂ ਵਾਦਾਂ ਦੇ ਸਮੂਹ ਨੂੰ ਇੱਕ ਸੁਰ ਵਿਚ ਮਿਲਾ ਕੇ ਛੇੜਿਆ ਜਾਂਦਾ ਹੈ ਤਾਂ ਜੋ ਧੁਨੀ ਇਹਨਾਂ ਵਾਦਾਂ ਜੋ ਨਿਕਲਦੀ ਹੈ ਉਹ ਸ਼ਰੋਤਾਵਾਂ ਦੇ ਕੰਨਾਂ ਨੂੰ ਬਹੁਤ ਚੰਗੀ ਲੱਗਦੀ ਹੈ ਅਤੇ ਉਸ ਦੇ ਮਨ ਨੂੰ ਟੁੰਬਦੀ ਰਹਿੰਦੀ ਹੈ। ਇਹਨਾਂ ਸਮੁੱਚੇ ਵਾਦਾਂ ਦੀ ਝਨਕਾਰ ਨਾਲ ਵਰਤਮਾਨ ਸੰਗੀਤ ਮਈ ਹੋ ਜਾਂਦਾ ਹੈ।

ਸਾਡਾ ਸਮੁੱਚਾ ਸੰਗੀਤ ਦਾ ਖੇਤਰ ਇੰਨਾ ਵਿਸ਼ਾਲ ਹੈ ਕਿ ਇਸ ਵਿਚ ਹਰ ਵਾਦ ਆਪਣਾ ਵਿਸ਼ੇਸ ਸਥਾਨ ਰੱਖਦਾ ਹੈ। ਅੱਜ-ਕੱਲ ਭਾਰਤੀ ਸੰਗੀਤ ਵਿੱਚ ਪੱਛਮੀ ਵਾਦਾਂ ਦਾ ਵੀ ਮਹੱਤਵ ਬਹੁਤ ਵੱਧ ਗਿਆ ਹੈ। ਹੁਣ ਤਾਂ ਧਾਰਮਿਕ ਸਥਾਨਾਂ ਤੇ ਚਲਚਿੱਤਰ ਵਿੱਚ, ਡਰਾਮੇ ਵਿੱਚ, ਰੇਡੀਉ, ਟੀ ਦੇ ਆਰੰਭ ਜਾਂ ਵਿੱਚ- ਵਿੱਚ ਅਲਗ ਤਰ੍ਹਾਂ ਦੇ ਮਾਹੌਲ ਦੇ ਮੁਤਾਬਿਕ ਲੈਅ ਅਤੇ ਸੁਰ ਦੇਣ ਲਈ ਵਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਅੰਤ ਵਿੱਚ ਜੇਕਰ ਅਸੀਂ ਇਹ ਕਹਿ ਦੇਈਏ ਕਿ ਸੰਗੀਤ ਦੀ ਸੰਪੂਰਤਾ ਹੀ ਸਵਰ ਵਾਦਾਂ ਤੇ ਲੈਅ ਵਾਦਾਂ ਤੇ ਨਿਰਭਰ ਹੈ ਤਾਂ ਇਹ ਕਹਿਣਾ ਗਲਤ ਨਹੀਂ ਸੰਗੀਤ ਦਾ ਜਨਮ ਹੀ ਵਾਦਾਂ ਦੁਆਰਾ ਹੋਇਆ ਹੈ ਇਸ ਲਈ ਸਮੁੱਚਾ ਸੰਗੀਤ ਭਿੰਨ-ਭਿੰਨ ਤਰ੍ਹਾਂ ਦੇ ਵਾਦਾਂ ਤੇ ਨਿਰਭਰ ਹੈ ਵਾਦਾਂ ਦਾ ਸੰਗੀਤ ਵਿੱਚ ਇੰਨਾ ਮਹੱਤਵ ਹੈ ਕਿ ਇਹਨਾਂ ਦੇ ਬਿਨਾਂ ਅਸੀਂ ਸੰਗੀਤ ਦੀ ਕਲਪਨਾ ਨਹੀਂ ਕਰ ਸਕਦੇ।

ਪਾਠ–8

# ਜੀਵਨੀ-: "ਉਸਤਾਦ ਬੜੇ ਗੁਲਾਮ ਅਲੀ ਖਾਂ"

ਜਾਣ–ਪਛਾਣ ਵੀਹਵੀਂ ਸਦੀ ਦਾ ਕੋਈ ਵੀ ਸੰਗੀਤਕਾਰ, ਸੰਗੀਤ ਵਿੱਚ ਰੁਚੀ ਰੱਖਣ ਵਾਲਾ ਵਿਅਕਤੀ ਸੰਗੀਤ ਅਧਿਆਪਕ, ਇਸ ਉੱਚੇ ਲੰਮੇ, ਭਾਰੀ ਸਰੀਰ ਵੱਡੀਆਂ–ਵੱਡੀਆਂ ਮੁੱਛਾਂ ਵਾਲੇ, ਮਧੁਰ ਤੇ ਸੁਰੀਲੀ ਆਵਾਜ਼, ਤਾਨਾਂ ਦੇ ਕਪਤਾਨ, ਪੰਜਾਬੀ ਅੰਗ ਦੀ ਠੁੱਮਰੀ ਗਾਣ ਵਾਲੇ, ਗਾਇਕੀ ਦੇ ਬਾਦਸ਼ਾਹ ਨੂੰ ਕੌਣ ਨਹੀਂ ਜਾਣਦਾ। ਇਸ ਤਰ੍ਹਾਂ ਦਾ ਮਹਾਨ ਕਲਾਕਾਰ ਕਦੇ– ਕਦੇ ਹੀ ਪੈਦਾ ਹੁੰਦਾ ਹੈ।

**ਜੀਵਨ ਤੇ ਸਿੱਖਿਆ:** "ਬੜੇ ਗੁਲਾਮ ਅਲੀ ਖਾਂ" ਦਾ ਜਨਮ ਸੰਨ 1902 ਨੂੰ ਮਲੋਟ ਵਿੱਚ ਹੋਇਆ। ਇਹਨਾਂ ਦੇ ਪਿਤਾ "ਅਲੀ ਬਖਸ਼" ਦਰਬਾਰੀ ਗਾਇਕ ਸਨ, ਇਸ ਲਈ ਇਹਨਾਂ ਨੂੰ ਗਾਇਕੀ ਵਿਰਾਸਤ ਵਿੱਚ ਮਿਲੀ। ਸੱਤ ਸਾਲ ਦੀ ਉਮਰ ਵਿੱਚ ਹੀ ਇਹਨਾਂ ਦੇ ਪਿਤਾ ਨੇ ਇਹਨਾਂ ਨੂੰ ਪਟਿਆਲੇ ਦੇ ਉਸਤਾਦ ਕਾਲੇ ਖਾਂ ਜੋ ਇਹਨਾਂ ਦੇ ਚਾਚਾ ਲੱਗਦੇ ਸੀ ਉਹਨਾਂ ਕੋਲ ਸੰਗੀਤ ਸਿੱਖਣ ਲਈ ਭੇਜ ਦਿੱਤਾ। ਇੱਥੇ ਇਹਨਾਂ ਨੇ ਦਸ ਸਾਲ ਤੱਕ ਸੰਗੀਤ ਦੀ ਸਿੱਖਿਆ ਲਈ, ਇਹਨਾਂ ਦੇ ਚਾਚਾ ਜੀ ਦੀ ਅਚਾਨਕ ਮੌਤ ਹੋਣ ਕਰਕੇ ਇਹਨਾਂ ਨੇ ਬੰਬਈ ਦੇ ਸਿਧੀ ਥਾਂ ਤੇ ਆਪਣੇ ਪਿਤਾ ਤੋਂ ਸੰਗੀਤ ਦੀ ਸਿੱਖਿਆ ਲਈ। 22 ਸਾਲ ਦੀ ਉਮਰ ਤੱਕ ਆਪ ਨੇ ਦਿਨ ਰਾਤ ਸਖਤ ਮਿਹਨਤ ਕੀਤੀ, ਖਿਆਲ ਅੰਗ ਦੀਆਂ ਬਾਰੀਕੀਆਂ ਨੂੰ ਸਮਝਿਆ। ਇਸ ਤਰ੍ਹਾਂ ਉਹਨਾਂ ਨੇ ਆਪਣੇ ਪਿਤਾ ਤੋਂ ਗਾਇਕੀ ਦੀ ਕਲਾ ਸਿੱਖ ਕੇ,ਇਸ ਦੀ ਸੰਭਾਲ ਕੀਤੀ ਅਤੇ ਪਟਿਆਲੇ ਘਰਾਣੇ ਨੂੰ ਨਵਾਂ ਜੀਵਨ ਦਿੱਤਾ।

**ਗਾਇਕੀ ਅੰਗ:** ਉਸਤਾਦ ਬੜੇ ਗੁਲਾਮ ਅਲੀ ਖਾਂ ਨੂੰ ਜਿਹਨਾਂ ਵੀ ਲੋਕਾਂ ਨੇ ਸੁਣਿਆ ਉਹ ਇਹਨਾਂ ਦੇ ਸੁਰੀਲੇ ਕੰਠ ਤੋਂ ਬਹੁਤ ਪ੍ਰਭਾਵਿਤ ਹੋਏ। ਠੁਮਰੀ ਗਾਇਕੀ ਵਿਚ ਜਿਸ ਤਰ੍ਹਾਂ ਪ੍ਰਦਰਸ਼ਨ ਇਹਨਾਂ ਨੇ ਕੀਤਾ ਉਸ ਨਾਲ ਇਹਨਾ ਦੀ ਲੋਕ ਪ੍ਰਿਅਤਾ ਹੋਰ ਵੀ ਵੱਧ ਗਈ। ਆਪ ਨੂੰ ਠੁਮਰੀਆਂ ਦੇ ਬਾਦਸ਼ਾਹ ਕਿਹਾ ਜਾਂਦਾ ਸੀ। ਆਪ ਖਿਆਲ ਠੁਮਰੀ ਦੇ ਨਾਲ ਗਜਲ ਗਾਉਣ ਵਿੱਚ ਵੀ ਬਹੁਤ ਨਿਪੁੰਨ ਸਨ।

ਖਾਂ ਸਾਹਿਬ ਪਰੰਪਰਾਗਤ ਰਾਗਾਂ ਵਿਚ ਵੀ ਆਪਣੀ ਗਾਇਕੀ ਦਾ ਪ੍ਰਦਰਸ਼ਨ ਕਰਨਾ ਚੰਗਾ ਸਮਝਦੇ ਸਨ ਜਿਵੇਂ ਕਲਿਆਣ, ਬਿਲਾਵਲ, ਭੁਪਾਲੀ, ਭੈਰਵੀ, ਮਾਲਕੋਸ਼,

ਪੁਰੀਆ ਬਿਰਾਗ, ਕੇਦਾਰ ਵਰਗੇ ਰਾਗ। ਖਾਂ ਸਾਹਿਬ ਦਾ ਰਾਗ ਗੋਸ਼ਟੀ ਵਿੱਚ "ਹਰਿ ਓਮ ਤਤਸਦ" ਕਦੇ ਨਾ ਭੁੱਲਣ ਵਾਲਾ ਹੈ। ਉਹਨਾਂ ਦਾ ਠੁੱਮਰੀ ਅੰਗ ਬਾਰੇ ਕਹਿਣਾ ਸੀ, ਠੁਮਰੀ ਦਾ ਆਪਣਾ ਹੀ ਸੁਭਾਅ, ਵਿਸ਼ੇਸਤਾ, ਤੇ ਇਹ ਪੰਜਾਬ ਦੇ ਪੂਰਬ ਅੰਗ ਦੀ ਹੈ। ਇਹਨਾਂ ਦੀਆਂ ਠੁੱਮਰੀਆਂ ਵਿੱਚੋਂ "ਨੈਨਾਂ ਮੋਰੇ, ਆਵੇ ਨਾ ਬਾਲਮ, ਯਾਦ ਪੀਆ ਦੀ ਆਵੇ" ਆਦਿ ਸਨ। ਇਹ ਆਪਣੀ ਗਾਇਕੀ ਨਾਲ ਜਲਤਰੰਗਾ, ਕਾਸ਼ਤਰੰਗਾਂ, ਦਿਲਰੁਬਾ, ਬੰਸਰੀ, ਹਾਰਮੋਨੀਅਮ, ਤਬਲਾ ਆਦਿ ਵਜਵਾਉਂਦੇ ਸਨ।

ਖਾਂ ਸਾਹਿਬ ਦਾ ਸੁਭਾਅ: ਖਾਂ ਸਾਹਿਬ ਦਾ ਸੁਭਾਅ ਮਖੌਲੀ ਸੀ ਉਹ ਸੁਣਨ ਵਾਲਿਆਂ ਦੀ ਭਾਵਨਾਵਾਂ ਨੂੰ ਸਮਝਣ ਜਿਆਦਾ ਵਿਸ਼ਵਾਸ ਰੱਖਦੇ ਸਨ। ਉਹਨਾਂ ਦਾ ਵਿਸ਼ਵਾਸ ਸੀ ਸੁਣਨ ਵਾਲਿਆਂ ਦੇ ਜਦੋਂ ਅਸੀਂ ਦਿਲ ਦੀਆਂ ਭਾਵਨਾ ਨੂੰ ਪੜ੍ਹ ਕੇ ਗਾਇਕੀ ਪੇਸ਼ ਕਰਦੇ ਹਾਂ ਤਾਂ ਉਸ ਸਮੇਂ ਗਾਉਣ ਵਾਲਾ ਤੇ ਸੁਣਨ ਵਾਲਾ ਦੋ ਅਨੰਦਿਤ ਹੁੰਦੇ ਹਨ। ਉਹ ਗਾਉਂਦੇ ਹੋਏ ਚਾਰੇ ਪਾਸੇ ਰੋਸ਼ਨੀ ਪਸੰਦ ਕਰਦੇ ਸਨ।

ਖਾਂ ਸਾਹਿਬ ਦੇ ਪ੍ਰੋਗਾਮ:ਖਾਂ ਸਾਹਿਬ ਨੇ ਆਪਣੇ ਪ੍ਰੋਗ੍ਰਾਮ ਕੇਵਲ ਪੰਜਾਬ ਵਿੱਚ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਦਿੱਤੇ । ਸੰਨ 1922 ਵਿੱਚ "ਪ੍ਰਿੰਸ ਆਫ ਵੇਲਨ" ਦੀ ਭਾਰਤ ਯਾਤਰਾ ਦੇ ਦੌਰਾਨ ਇਹਨਾਂ ਨੇ ਸਰਵਜਨਕ ਰੂਪ ਸਾਧਨ ਆਪਣਾ ਪਹਿਲਾਂ ਕੰਮ ਸ਼ੁਰੂ ਕੀਤਾ। ਫਿਰ ਸੰਨ 1925 ਨੂੰ ਲਖਨਊ ਦੇ ਸੰਗੀਤ ਸੰਮੇਲਨ ਵਿੱਚ, ਸੰਨ 1936 ਨੂੰ "ਕਲਕੱਤਾ ਦੇ ਸੰਗੀਤ ਸੰਮੇਲਨਾਂ"ਵਿੱਚ ਭਾਗ ਲਿਆ। ਸੰਨ 1940 ਵਿੱਚ ਪਹਿਲੀ ਕਲਕੱਤਾ ਦੇ ਗਯਾ ਦੀ ਮਿਉਜਿਕ ਕਾਨਫਰੰਸ ਵਿੱਚ ਭਾਗ ਲਿਆ। ਇਹਨਾਂ ਸਾਰੇ ਸੰਮੇਲਨਾ ਵਿੱਚ ਆਪ ਨੂੰ ਇਨਾਮ ਮਿਲੇ ਤੇ ਪੰਜਾਬ ਵਿੱਚ ਵੀ ਸਮੇਂ- ਸਮੇਂ ਸਿਰ ਪ੍ਰੋਗ੍ਰਾਮ ਦਿੱਤੇ। ਖਾਂ ਸਾਹਿਬ ਬੰਬਈ ਰੇਡੀਓ ਤੇ ਆਪਣਾ ਪ੍ਰੋਗ੍ਰਾਮ ਦਿੰਦੇ ਰਹੇ। ਮਹਾਤਮਾ ਗਾਂਧੀ ਨੇ ਆਪ ਦਾ ਸੰਗੀਤ ਸੁਣਕੇ ਪ੍ਰਸੰਸਾ ਭਰੇ ਪੱਤਰ ਭੇਜੇ। ਆਪ ਦੇ ਠੁਮਰੀਆਂ ਗਜ਼ਲਾਂ , ਖਿਆਲ ਗਾਇਕੀ ਦੇ ਰਿਕਾਰਡ ਬਣੇ ਜੋ ਅੱਜ ਵੀ ਸਾਨੂੰ ਸੁਣਨ ਨੂੰ ਮਿਲਦੇ ਹਨ।

**ਸਨਮਾਨ:** ਸੰਨ 1961 ਵਿੱਚ ਇਹਨਾਂ ਨੂੰ ਲਕਵੇ ਦਾ ਦੌਰਾ ਪਿਆ ਪਰ ਇਹਨਾਂ ਦੀ ਗਾਇਕੀ ਤੇ ਬਿਮਾਰੀ ਦਾ ਕੋਈ ਅਸਰ ਨਹੀਂ ਪਿਆ। ਇਹਨਾਂ ਨੂੰ "ਸੰਗੀਤ ਸਮਰਾਟ" ਤੇ "ਪਦਮ ਭੂਸ਼ਣ" ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਦੇ ਪੁੱਤਰ ਮੁਨਵਰ ਅਲੀ ਖਾਂ ਅੱਜ ਉੱਚ ਕੋਟੀ ਦੇ ਗਾਇਕ ਹਨ।

ਮੌਤ–: ਖਾਂ ਸਾਹਿਬ 22 ਐਪ੍ਰਲ, 1965 ਵਿੱਚ ਇਸ ਦੁਨੀਆਂ ਤੋਂ ਹਮੇਸ਼ਾ ਵਾਸਤੇ ਚਲੇ ਗਏ। ਇਹਨਾਂ ਦੀ ਮੌਤ ਨਾਲ ਇੱਕ ਯੁੱਗ ਖਤਮ ਹੋ ਗਿਆ। ਉਹਨਾਂ ਦੀ ਗਾਇਕੀ ਦਾ ਢੰਗ ਸੰਗੀਤਕਾਰਾਂ ਨੂੰ ਨਵੀਂ ਜਿੰਦਗੀ ਦਿੰਦਾ ਰਹੇਗਾ। ਉਹ ਜਿਸ ਉਚਾਈ ਤੇ ਪਹੁੰਚ ਗਏ ਸਨ, ਜਿਥੇ ਸਾਇਦ ਹੀ ਕੋਈ ਸਾਧਕ ਪਹੁੰਚਿਆ ਹੋਵੇਗਾ। ਇਸ ਲਈ ਉਹਨਾਂ ਦੀ ਮਹਾਨਤਾ ਲਈ ਸਾਡਾ ਸਿਰ ਹਮੇਸ਼ਾ ਲਈ ਝੁਕਿਆ ਰਹੇਗਾ।

**ਸਾਰਅੰਸ਼:** ਪੰਜਾਬ ਅੰਗ ਦੀ ਠੁਮਰੀ ਨੂੰ ਉੱਨਤੀ ਦੇ ਸ਼ਿਖਰ ਤੇ ਪਹੁਚਾਣ ਦਾ ਸਿਹਰਾ ਖਾਂ ਸਾਹਿਬ ਨੂੰ ਜਾਂਦਾ ਹੈ। "ਕਿਆ ਕਰੂ ਸਜਨੀ ਆਏ ਨਾ ਬਾਲਮ," "ਯਾਦ ਪਿਆਂ ਕੀ ਆਏ, ਮੁਗਲੇ ਆਜਮ ਫਿਲਮ ਦੇ "ਪ੍ਰੇਮ ਜੋਗਲ ਬਨ ਜਾਂ" ਆਦਿ ਨਾ ਭੁਲਣ ਵਾਲੀਆਂ ਠੁਮਰੀਆਂ ਹਨ। ਖਾਂ ਸਾਹਿਬ ਹੱਸਮੁੱਖ ਸੁਭਾਅ ਦੇ ਸਨ, ਉਹਨਾਂ ਦੀ ਆਵਾਜ ਵਿੱਚ ਮਧੁਰਮਾ, ਸੁਰਾਂ ਤੇ ਅਧਿਕਾਰ , ਗਲੇ ਦੀ ਤਿਆਰੀ, ਲੈਅ ਤੇ ਅਧਿਕਾਰ, ਇਸ ਤੋਂ ਵੱਧ ਕੇ ਉਹਨਾਂ ਵਿੱਚ ਇਹ ਵਿਸ਼ੇਸ਼ਤਾ ਸੀ ਉਹ ਕਠਿਨ ਤੇ ਕਠਿਨ ਹਰਕਤ ਵੀ ਆਪਣੇ ਗਲ੍ਹੇ ਤੋਂ ਬੜੀ ਅਸਾਨੀ ਨਾਲ ਨਿਕਾਲ ਲੈਂਦੇ ਸੀ, ਭਾਵ ਉਹ ਸਾਦ ਉਸੀ ਤਰ੍ਹਾਂ, ਗਾਇਕੀ ਅਨੁਸਾਰ ਗਲ੍ਹਾਂ ਘੁਮ ਜਾਂਦਾ ਸੀ।

ਪਾਠ–9

# ਰਾਗ, ਰਾਗ ਦੇ ਨਿਯਮ, ਜਾਤੀਆ, ਉਪ ਜਾਤੀਆਂ

## ਰਾਗ

ਰਾਗ ਭਾਰਤੀ ਸੰਗੀਤ ਦਾ ਇੱਕ ਮਹੱਤਵਪੂਰਨ ਪਰਿਭਾਸ਼ਿਕ ਸ਼ਬਦ ਹੈ। ਰਾਗਾਂ ਰਾਹੀਂ ਹੀ ਭਾਰਤੀ ਸੰਗੀਤ ਦਾ ਅਸਲੀ ਰੂਪ ਦਰਸਾਇਆ ਜਾ ਸਕਦਾ ਹੈ। ਇਸੇ ਲਈ ਸੰਪੂਰਣ ਭਾਰਤੀ ਸੰਗੀਤ ਰਾਗਾਂ ਤੇ ਹੀ ਅਧਾਰਿਤ ਹੈ।

ਰਾਗ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸ ਦੀ ਉਤਪਤੀ 'ਰੰਜ' ਧਾਤੂ ਤੋਂ ਹੋਈ ਹੈ ਜਿਸ ਦਾ ਅਰਥ ਹੈ ਰੰਜਕਤਾ, ਪ੍ਰਸੰਨਤਾ, ਜੋ ਮਨ ਨੂੰ ਆਨੰਦ ਅਤੇ ਪ੍ਰਸੰਨਤਾ ਪ੍ਰਦਾਨ ਕਰੇ।

ਰਾਗ ਸ਼ਬਦ ਦੀ ਪਰਿਭਾਸ਼ਾ ਕੁਝ ਸੰਗੀਤਕਾਰਾਂ ਦੇ ਗ੍ਰੰਥਾਂ ਵਿਚ ਇਸ ਪ੍ਰਕਾਰ ਮਿਲਦੀ ਹੈਃ–

ਰਾਗ ਸ਼ਬਦ ਦਾ ਪ੍ਰਯੋਗ ਸਭ ਤੋਂ ਪਹਿਲਾਂ ਸਤਵੀਂ ਸਦੀ ਵਿਚ ਮਤੰਗਮੁਨੀ ਦੇ ਗ੍ਰੰਥ ਬ੍ਰਿਹਦੇਸ਼ੀ ਵਿੱਚ ਮਿਲਦਾ ਹੈ। ਮਤੰਗ ਮੁਨੀ ਦੇ ਸ਼ਬਦਾਂ ਵਿੱਚ,–"ਸ਼ੜ੍ਹਜ ਇਤਯਾਦੀ ਸਵਰਾਂ ਅਤੇ ਸਥਾਈ ਆਦਿ ਵਰਣਾਂ ਨਾਲ ਵਿਭੂਸ਼ਿਤ ਅਜਿਹੀ ਧਵਨੀ ਦੀ ਰਚਨਾ ਜਿਸ ਤੋਂ ਮਨੁੱਖ ਦੇ ਮਨ ਦਾ ਰੰਜਨ ਹੁੰਦਾ ਹੈ, ਰਾਗ ਹੈ।"

**ਭਰਤ ਮੁਨੀ ਜੀ ਨੇ ਲਿਖਿਆ ਹੈ** :–"ਜਿਸ ਦੇ ਰਾਹੀਂ ਤਿੰਨਾਂ ਲੋਕਾਂ ਵਿੱਚ ਵਿਰਾਜਮਾਨ ਪ੍ਰਾਣੀਆਂ ਦੇ ਦਿਲਾਂ ਦਾ ਰੰਜਨ ਹੁੰਦਾ ਹੈ ਉਸ ਨੂੰ ਰਾਗ ਕਹਿੰਦੇ ਹਨ।"

ਪੰਡਿਤ ਅਹੋਬਲ ਨੇ ਸੰਗੀਤ ਪਾਰਿਜਾਤ ਵਿੱਚ ਕਿਹਾ ਹੈ ਕਿ,"ਰੰਜਕ ਸਵਰ ਸੰਦਭ੍ਰੀ ਰਾਗ ਇਤਆਭਿਧਿਖਤੇ," ਅਰਥਾਤ,"ਸਵਰਾਂ ਦਾ ਇੱਕ ਸੁਗਠਿਤ ਸਮੂਹ ਰਾਗ ਕਹਿਲਾਉਂਦਾ ਹੈ,।"

ਪੰਡਿਤ ਵਿਸ਼ਨੂ ਨਰਾਇਣ ਭਾਤਖੰਡੇ ਰਾਹੀਂ ਲਿਖਿਤ "ਲਕਸ਼–ਸੰਗੀਤ ਵਿੱਗ ਲਿਖਿਆ ਹੈ," ਧਵਨੀ ਦੀ ਉਹ ਵਿਸ਼ੇਸ ਰਚਨਾ ਜਿਸ ਨੂੰ ਸਵਰਾਂ ਅਤੇ ਵਰਣਾਂ ਨਾਲ ਵਿਭੂਸ਼ਿਤ(ਸਜਾਇਆ) ਦਿਤਾ ਹੋਵੇ ਸੁਨਣ ਵਾਲਿਆਂ ਦਾ ਚਿੱਤ ਮੋਹ ਲਵੇ, ਰਾਗ ਕਹਿਲਾਉਂਦਾ ਹੈ।"

ਭਾਤਖੰਡੇ ਜੀ ਰਾਹੀਂ ਰਚਿਤ"ਅਭਿਨਵ ਰਾਗ ਮੰਜਰੀ" ਗ੍ਰੰਥ ਵਿੱਚ ਵੀ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ,"ਧਵਨੀ ਦੀ ਉਹ ਵਿਸ਼ੇਸ ਰਚਨਾ ਜਿਸ ਵਿਚ ਸਵਰ ਅਤੇ ਵਰਣਾਂ ਦੇ ਕਾਰਨ ਸੁੰਦਰਤਾ ਹੋਵੇ, ਜੋ ਮਨੁੱਖ ਦੇ ਚਿੱਤ ਦਾ ਰੰਜਨ ਕਰੇ ਅਰਥਾਤ ਜੋ ਸਰੋਤਿਆਂ ਦੇ ਮਨ ਪ੍ਰਸੰਨ ਕਰੇ, ਉਸਨੂੰ ਸਿਆਣੇ (ਬੁੱਧੀਮਾਨ) ਲੋਕ ਰਾਗ ਕਹਿੰਦੇ ਹਨ।"

ਏ ਨੇ ਸੰਗੀਤ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ "ਸੰਗੀਤ ਦੀ ਭਾਸ਼ਾ ਵਿੱਚ ਸਵਰਾਂ ਦਾ ਅਜਿਹਾ ਸੰਯੋਜਨ ਜਿਹੜਾ ਮਸਤਿਸ਼ਕ (ਦਿਮਾਗ) ਵਿੱਚ ਕਿਸੀ ਭਾਵ ਨੂੰ ਪੈਦਾ ਕਰੇ, ਰਾਗ ਹੈ।"

ਫਿਲਿਪ ਸਟਰਨ ਦੇ ਸ਼ਬਦਾਂ ਵਿੱਚ,"ਇਕ ਵਾਤਾਵਰਣ ਜਿਹੜਾ ਸੰਗੀਤ ਰਾਹੀਂ ਰੰਗਿਆ ਜਾਂਦਾ ਹੈ, ਰਾਗ ਕਿਹਾ ਜਾਂਦਾ ਹੈ।"

ਸ੍ਰੰਕ੍ਰਿਤ ਵਿੱਚ ਕਿਹਾ ਹੈ," ਰੰਜਖਤੇ ਇਤੀਰਾਗ" ਅਰਥਾਤ ਮਨ ਨੂੰ ਰੰਜਨ ਕਰਨ ਵਾਲਾ,ਕੰਨਾਂ ਨੂੰ ਆਨੰਦ ਦੇਣ ਵਾਲਾ ਅਜਿਹਾ ਸਵਰ ਸਮੂਹ ਜੋ ਇੱਕ ਸਪੱਸ਼ਟ ਰਾਗ ਨੂੰ ਪ੍ਰਗਟ ਕਰੇ , ਉਸਨੂੰ ਰਾਗ ਕਹਿੰਦੇ ਹਨ ਆਧੁਨਿਕ ਸਮੇਂ ਦੇ ਵਿਦਵਾਨ ਲੇਖਕ ਪੰਡਿਤ ਔਂਕਾਰ ਨਾਥ ਠਾਕੁਰ ਨੇ ਕਿ ਰਾਗ ਦਾ ਮੁੱਖ ਗੁਣ ਰੰਜਕਤਾ ਦੱਸਦੇ ਹੋਏ ਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ,"ਰਾਗ ਸਬਦ ਦਾ ਅਰਥ ਹੈ ਅਜਿਹਾ ਸਵਰ ਸਮੂਹ ਜਿਹੜਾ ਰੰਜਕ ਹੋਵੇ ਭਾਵ ਸੁੱਖ ਦਾ ਆਨੰਦ ਦੇਣ ਵਾਲਾ ਹੋਵੇ।

ਇਸ ਤਰ੍ਹਾਂ ਪ੍ਰਾਚੀਨ ਅਤੇ ਆਧੁਨਿਕ ਗ੍ਰੰਥਕਾਰਾਂ ਦਾ ਇੱਕ ਹੀ ਮਤ ਹੈ,"ਧਵਨੀ ਦੀ ਉਹ ਵਿਸ਼ੇਸ ਰਚਨਾ ਜਿਸ ਵਿੱਚ ਸਵਰਾਂ ਅਤੇ ਵਰਣਾਂ ਨਾਲ ਵਿਭੂਸ਼ਿਤ(ਸਜਾਇਆ) ਹੋਵੇ, ਸੁਣਨ ਵਾਲੇ ਦਾ ਮਨ ਮੋਹ ਲਵੇ, ਰਾਗ ਕਹਿਲਾਉਂਦੀ ਹੈ।

ਅਜ ਕਲ ਲਗਭਗ 150-200 ਰਾਗ ਗਾਏ ਵਜਾਏ ਜਾਂਦੇ ਹਨ।

ਰਾਗ ਵਿੱਚ ਰੰਜਕਤਾ ਹੋਣ ਨਾਲ ਰਾਗ ਨਹੀਂ ਬਣਦਾ ਰਾਗ ਵਿੱਚ ਕੁਝ ਵਿਸ਼ੇਸ਼ਤਾਵਾਂ ਵੀ ਹੁੰਦੀਆਂ ਹਨ। ਲੋਕਗੀਤ ਜਾਂ ਬਾਕੀ ਧੁਨਾਂ ਦੀ ਰੰਜਕ ਹੁੰਦੀਆਂ ਹਨ ਪਰ ਉਹਨਾਂ ਨੂੰ ਰਾਗ ਨਹੀਂ ਕਿਹਾ ਜਾ ਸਕਦਾ। ਰਾਗ ਇੱਕ ਸ਼ਾਸ਼ਤਰੀ ਰਚਨਾ ਹੈ ਜਿਸ ਵਿਚ ਰੰਜਕਤਾ ਦੇ ਨਾਲ- ਨਾਲ ਕੁਝ ਨਿਯਮਾਂ ਦਾ ਵੀ ਬੰਧਨ ਰਹਿੰਦਾ ਹੈ।

## ਰਾਗ ਦੇ ਨਿਯਮ:

1. ਹਰੇਕ ਰਾਗ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਹੈ।

2. ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਦਾ ਮੰਨਿਆ ਗਿਆ ਹੈ।

3. ਕਿਸੀ ਵੀ ਰਾਗ ਵਿੱਚ ਸ਼ੜ੍ਹਜ (ਸ) ਸਵਰ ਵਰਜਿਤ ਨਹੀਂ ਹੋਣਾ ਚਾਹੀਦਾ ਕਿਉਂਕਿ 'ਸ' ਸਵਰ ਨੂੰ ਭਾਰਤੀ ਸੰਗੀਤ ਦਾ ਆਧਾਰ ਸਵਰ (ਾਕਖਅਰਵਕ)ਮੰਨਿਆ ਜਾਂਦਾ ਹੈ।

4. ਰਾਗ ਵਿੱਚ ਘਟ ਤੋਂ ਘਟ ਪੰਜ ਸਵਰ ਅਤੇ ਵੱਧ ਤੋਂ ਵੱਧ ਸੱਤ ਸਵਰ ਹੋਣੇ ਚਾਹੀਦੇ ਹਨ। ਪੰਜ ਸਵਰਾਂ ਤੋਂ ਘੱਟ ਦਾ ਰਾਗ ਨਹੀਂ ਹੁੰਦਾ।

5. ਹਰੇਕ ਰਾਗ ਵਿੱਚ ਮੱਧਮ 'ਮ' ਅਤੇ ਪੰਚਮ 'ਪ' ਇਹ ਦੋਵੇਂ ਸਵਰ ਇਕੱਠੇ ਵਰਜਿਤ ਨਹੀਂ ਹੋ ਸਕਦੇ। ਜੇਕਰ ਕਿਸੇ ਰਾਗ ਵਿਚ ਪ ਦੇ ਨਾਲ ਸ਼ੁਧ 'ਮ' ਵੀ ਵਰਜਿਤ ਹੈ ਤਾਂ ਤੀਵਰ ਮੇ (ਮਧਮ) ਦਾ ਪ੍ਰਯੋਗ ਹੋਵੇਗਾ। ਅਰਥਾਤ ਦੋਹਾਂ ਵਿਚੋਂ ਇੱਕ ਸਵਰ ਦਾ ਹੋਣਾ ਜ਼ਰੂਰੀ ਹੈ।

6. ਰਾਗ ਵਿੱਚ ਆਰੋਹ ਅਤੇ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਹੈ ਸਿਰਫ ਆਰੋਹ ਤੋਂ ਰਾਗ ਦਾ ਸਵਰੂਪ ਸਪਸ਼ਟ ਨਹੀਂ ਹੋ ਸਕਦਾ।

7. ਰਾਗ ਵਿੱਚ ਵਾਦੀ ਸੰਵਾਦੀ ਸਵਰਾਂ ਦਾ ਹੋਣਾ ਜ਼ਰੂਰੀ ਹੈ ਵਾਦੀ ਸੰਵਾਦੀ ਸਵਰਾਂ ਦਾ ਰਾਗ ਵਿੱਚ ਖਾਸ ਮਹੱਤਵ ਹੈ। ਇਹਨਾਂ ਸਵਰਾਂ ਦੀ ਪ੍ਰਧਾਨਤਾ ਤੇ ਰਾਗ ਦੀ ਸੁੰਦਰਤਾ ਨਿਰਭਰ ਹੈ।

8. ਰਾਗ ਵਿੱਚ ਕਿਸੇ ਵੀ ਸਵਰਾਂ ਦਾ ਦੋਵੇਂ ਰੂਪ ਇਕੱਠੇ ਪ੍ਰਯੋਗ ਨਹੀਂ ਕਰਨਾ ਚਾਹੀਦਾ। ਜਿਵੇਂ ਕੋਮਲ 'ਰੇ' ਅਤੇ ਸ਼ੁਧ 'ਰੇ' ਜਾਂ ਕੋਮਲ ਗ ਅਤੇ ਸ਼ੁਧ ਗ ਦੋਵੇਂ ਕਿਸੀ ਵੀ ਰਾਗ ਵਿੱਚ ਇਕੱਠੇ ਨਹੀਂ ਆਉਣੇ ਚਾਹੀਦੇ ਪਰ ਇਹ ਸੰਭਵ ਹੈ ਕਿ ਆਰੋਹ ਵਿੱਚ ਸ਼ੁਧ ਸਵਰ ਪ੍ਰਯੋਗ ਹੋਵੇ ਅਤੇ ਅਵਰੋਹ ਵਿੱਚ ਕੋਮਲ ਲਗ ਸਕਦਾ ਹੈ ਜਿਵੇਂ ਰਾਗ ਖਮਾਜ ਵਿੱਚ ਆਰੋਹ ਚ ਸ਼ੁਧ ਨੀ ਅਤੇ ਅਵਰੋਹ ਵਿੱਚ ਕੋਮਲ ਨੀ ਪ੍ਰਯੋਗ ਕੀਤਾ ਜਾਂਦਾ ਹੈ।

9. ਹਰੇਕ ਰਾਗ ਵਿੱਚ ਪਕੜ, ਸਮਾਂ ਆਦਿ ਦਾ ਹੋਣਾ ਜ਼ਰੂਰੀ ਹੈ।

# ਰਾਗ ਦੀਆਂ ਜਾਤੀਆਂ, ਉਪ ਜਾਤੀਆਂ

ਜਦੋਂ ਕੋਈ ਰਾਗ ਤਿਆਰ ਕੀਤਾ ਜਾਂਦਾ ਹੈ , ਜਿਨ੍ਹੇ ਸਵਰ ਉਸ ਥਾਟ ਵਿਚ ਲਏ ਜਾਂਦੇ ਹਨ। ਉਸਦੇ ਆਧਾਰ ਤੇ ਉਸਦੀ ਜਾਤੀ ਨਿਸ਼ਚਿਤ ਹੁੰਦੀ ਹੈ। ਜਾਤੀ ਤੋਂ ਰਾਗ ਵਿਚ ਲੱਗਣ ਵਾਲੇ ਸਵਰਾਂ ਦੀ ਗਿਣਤੀ ਦਾ ਪਤਾ ਚਲਦਾ ਹੈ। ਜਿਸ ਰਾਗ ਵਿੱਚ ਜਿਨ੍ਹੇ ਸਵਰ ਲਗ ਰਹੇ ਹਨ ਉਸਦੇ ਅਨੁਸਾਰ ਉਸਦੀ ਜਾਤੀ ਨਿਸ਼ਚਿਤ ਹੁੰਦੀ ਹੈ। ਰਾਗ ਦੀ ਨਿਯਮ ਅਨੁਸਾਰ ਰਾਗ ਵਿਚ ਘਟ ਤੋਂ ਘਟ ਪੰਜ ਸਵਰ ਅਤੇ ਵੱਧ ਤੋਂ ਵੱਧ ਸੱਤ ਸਵਰ ਹੁੰਦੇ ਹਨ। ਇਸ ਤਰ੍ਹਾਂ ਪੰਜ ਛੇ ਅਤੇ ਸੱਤ ਸਵਰਾਂ ਦੇ ਅਨੁਸਾਰ ਰਾਗਾਂ ਦੀਆਂ ਮੁੱਖ ਤਿੰਨ ਜਾਤੀਆਂ ਮੰਨੀਆਂ ਗਈਆਂ ਹਨ। ਸੰਪੂਰਣ ਜਾਤੀ, ਸ਼ਾਤ੍ਵਜਾਤੀ ਅਤੇ ਔੜਵਜਾਤੀ

1. **ਸੰਪੂਰਣ ਜਾਤੀ** : ਜਿਸ ਰਾਗ ਵਿੱਚ ਪੂਰੇ ਸਤ ਸਵਰਾਂ ਦਾ ਪ੍ਰਯੋਗ ਕੀਤਾ ਜਾਵੇ ਉਸਨੂੰ ਸੰਪੂਰਣ ਜਾਤੀ ਦਾ ਰਾਗ ਕਿਹਾ ਜਾਂਦਾ ਹੈ ਜਿਵੇਂ -ਰਾਗ ਬਿਲਾਵਲ

2. **ਸ਼ਾਤ੍ਵ-ਜਾਤੀ** : ਜਿਸ ਰਾਗ ਵਿੱਚ ਸਿਰਫ ਛੇ ਸਵਰ ਲੱਗਣ ਉਸਨੂੰ ਸ਼ਾਤ੍ਵ ਜਾਤੀ ਦਾ ਰਾਗ ਕਿਹਾ ਜਾਂਦਾ ਹੈ ਜਿਵੇਂ ਮਾਰਵਾਰਾਗ

3. **ਔੜਵ ਜਾਤੀ**: ਜਿਸ ਰਾਗ ਵਿੱਚ ਪੰਜ ਸਵਰ ਲੱਗਣ ਉਸਨੂੰ ਔੜਵ ਜਾਤੀ ਕਿਹਾ ਜਾਂਦਾ ਹੈ ਜਿਵੇਂ ਭੁਪਾਲੀ ਰਾਗ।

ਰਾਗਾਂ ਨੂੰ ਦੇਖਣ ਤੋਂ ਪਤਾ ਚਲਦਾ ਹੈ ਕਿ ਕਈ ਰਾਗ ਅਜਿਹੇ ਹਨ ਜਿਹਨਾਂ ਦੇ ਆਰੋਹ, ਅਵਰੋਹ ਵਿੱਚ ਸਵਰਾਂ ਦੀ ਭਿੰਨਤਾ ਹੁੰਦੀ ਹੈ ਅਰਥਾਤ ਕਿਸੀ ਰਾਗ ਦੇ ਆਰੋਹ ਵਿੱਚ ਸੱਤ ਸਵਰ ਲੱਗਦੇ ਹਨ ਤੇ ਉਸਦੇ ਅਵਰੋਹ ਵਿੱਚ ਛੇ ਜਾਂ ਪੰਜ ਸਵਰ ਹੋ ਸਕਦੇ ਹਨ। ਇਸੇ ਲਈ ਸਾਰੇ ਰਾਗਾਂ ਦੀ ਪਹਿਚਾਣ ਲਈ ਇਹਨਾਂ ਉੱਪਰ ਲਿਖਿਤ ਤਿੰਨ ਜਾਤੀਆਂ ਵਿੱਚੋਂ ਹਰੇਕ ਦੀਆਂ ਤਿੰਨ-ਤਿੰਨ ਉਪ ਜਾਤੀਆਂ ਹੋਰ ਬਣਾ ਦਿੱਤੀਆਂ ਗਈਆਂ। ਇਸ ਤਰ੍ਹਾਂ 3×3[9 ਹੋਰ ਉਪ ਜਾਤੀਆਂ ਵਿੱਚ ਵੰਡ ਦਿੱਤਾ ਗਿਆ।

ਸੰਪੂਰਣ ਜਾਤੀ

ਸੰਪੂਰਣ-ਸੰਪੂਰਣ    ਸੰਪੂਰਣ-ਸਾਤ੍ਵ    ਸੰਪੂਰਣ-ਔਤ੍ਵ

1. **ਸੰਪੂਰਣ-ਸੰਪੂਰਣ ਜਾਤੀ:** ਜਿਸ ਰਾਗ ਵਿੱਚ ਆਰੋਹ ਅਤੇ ਅਵਰੋਹ ਦੋਹਾਂ ਵਿੱਚ ਸੱਤ- ਸੱਤ ਸਵਰਾਂ ਦਾ ਪ੍ਰਯੋਗ ਹੋਵੇ, ਸੰਪੂਰਣ- ਸੰਪੂਰਣ ਜਾਤੀ ਦਾ ਰਾਗ ਹੁੰਦਾ ਹੈ।

2. **ਸੰਪੂਰਣ-ਸ਼ਾੜ੍ਵ ਜਾਤੀ :** ਜਿਸ ਰਾਗ ਦੇ ਆਰੋਹ ਵਿੱਚ ਸਤ ਸਵਰ ਅਵਰੋਹ ਵਿੱਚ ਛੇ ਸਵਰ ਲੱਗਣ ਉਸਨੂੰ ਸੰਪੂਰਣ-ਸ਼ਾੜ੍ਵ ਜਾਤੀ ਦਾ ਰਾਗ ਕਹਿੰਦੇ ਹਨ। ਅਵਰੋਹ ਵਿੱਚ 'ਸ' ਸਵਰ ਛੱਡ ਕੇ ਕੋਈ ਵੀ ਸਵਰ ਵਰਜਿਤ ਹੋ ਸਕਦਾ ਹੈ।

3. **ਸੰਪੂਰਣ-ਔੜਵ ਜਾਤੀ :** ਇਸ ਜਾਤੀ ਦੇ ਰਾਗਾਂ ਦੇ ਆਰੋਹ ਵਿੱਚ ਸੱਤ ਸਵਰ ਅਤੇ ਅਵਰੋਹ ਵਿੱਚ ਕੋਈ ਪੰਜ ਸਵਰ ਲੱਗਣ। ਸੰਪੂਰਣ-ਔੜਵ ਜਾਤੀ ਦਾ ਰਾਗ ਕਹਿੰਦੇ ਹਨ।

**ਸ਼ਾੜਵ**

**ਸ਼ਾੜਵ ਸੰਪੂਰਣ** | **ਸ਼ਾੜਵ-ਸ਼ਾੜਵ** | **ਸ਼ਾੜਵ-ਔੜਵ**

4 **ਸਾੜਵ-ਸੰਪੂਰਣ:** ਇਸ ਜਾਤੀ ਦੇ ਆਰੋਹ ਵਿੱਚ ਛੇ ਸਵਰ ਲੱਗਦੇ ਹਨ ਅਤੇ ਅਵਰੋਹ ਸੰਪੂਰਣ ਹੁੰਦਾ ਹੈ। ਪਰ ਅਵਰੋਹ ਵਿੱਚ ਉੱਚੀ ਵਰਜਿਤ ਸਵਰ ਵੀ ਲੱਗੇਗਾ।

5 **ਸ਼ਾੜਵ-ਸ਼ਾੜਵ:** ਸ਼ਾੜਵ- ਸ਼ਾੜਵ ਜਾਤੀ ਦੇ ਰਾਗਾਂ ਦੇ ਆਰੋਹ ਸਵਰ ਅਵਰੋਹ ਦੋਹਾਂ ਵਿੱਚ ਛੇ- ਛੇ ਸਵਰ ਸਵਰ ਲੱਗਦੇ ਹਨ।

6 **ਸ਼ਾੜਵ-ਔੜਵ:** ਇਸ ਜਾਤੀ ਵਿੱਚ ਆਰੋਹ ਵਿੱਚ ਛੇ ਅਤੇ ਅਵਰੋਹ ਵਿੱਚ ਪੰਜ ਸਵਰਾਂ ਦਾ ਪ੍ਰਯੋਗ ਹੁੰਦਾ ਹੈ।

ਔੜਵ

ਔੜਵ ਸੰਪੂਰਨ | ਔੜਵ-ਸ਼ਾੜਵ | ਔੜਵ-ਔੜਵ

7 **ਸੰਪੂਰਨ:-** ਰਾਗ ਦੇ ਆਰੋਹ ਵਿੱਚ ਪੰਜ ਸਵਰ ਅਤੇ ਅਵਰੋਹ ਸੰਪੂਰਣ ਹੋਵੇ , ਔੜਵ ਸੰਪੂਰਣ ਜਾਤੀ ਦਾ ਰਾਗ ਹੁੰਦਾ ਹੈ।

8 ਔੜਵ-ਸ਼ਾਤ੍ਵਃ- ਇਸ ਦੇ ਆਰੋਹ ਵਿੱਚ ਪੰਜ ਅਤੇ ਅਵਰੋਹ ਵਿੱਚ ਛੇ ਸਵਰ ਲੱਗਦੇ ਹਨ। ਔੜਵ-ਸ਼ਾੜਵ ਜਾਤੀ ਦਾ ਰਾਗ ਹੁੰਦਾ ਹੈ।

9 ਔੜਵ-ਔੜਵਃ- ਔੜਵ- ਔੜਵ ਜਾਤੀ ਦੇ ਰਾਗਾਂ ਵਿੱਚ ਆਰੋਹ ਅਤੇ ਅਵਰੋਹ ਵਿੱਚ ਪੰਜ- ਪੰਜ ਸਵਰਾਂ ਦਾ ਪ੍ਰਯੋਗ ਹੁੰਦਾ ਹੈ।

ਇਸ ਤਰ੍ਹਾਂ ਰਾਗਾਂ ਦੀਆਂ ਕੁਲ ਇਨ੍ਹਾਂ ਜਾਤੀਆਂ ਤੋਂ 484 ਰਾਗਾਂ ਦੀ ਉਤਪਤੀ ਹੁੰਦੀ ਹੈ, ਜਿਵੇਂ :-

| | | |
|---|---|---|
| ਸੰਪੂਰਣ-ਸੰਪੂਰਣ | = | 1 ਰਾਗ |
| ਸੰਪੂਰਣ-ਸ਼ਾਤ੍ਵ | = | 6 ਰਾਗ |
| ਸੰਪੂਰਣ-ਔੜਵ | = | 15 ਰਾਗ |
| ਸ਼ਾੜਵ- ਸੰਪੂਰਣ | = | 6 ਰਾਗ |
| ਸ਼ਾੜਵ-ਸਾੜਵ | = | 36 ਰਾਗ |
| ਸ਼ਾੜਵ-ਔੜਵ | = | 90 ਰਾਗ |
| ਔੜਵ-ਸੰਪੂਰਨ | = | 15 ਰਾਗ |
| ਔੜਵ-ਸਾੜਵ | = | 90 ਰਾਗ |
| ਔੜਵ-ਔੜਵ | = | 225 ਰਾਗ |
| ਕੁਲ | = | 484 ਰਾਗ |

ਇਸ ਪ੍ਰਕਾਰ ਇੱਕ ਥਾਟ ਤੋਂ ਗਣਿਤ ਰਾਹੀਂ ਵੱਧ ਤੋਂ ਵੱਧ 484 ਰਾਗ ਪੈਦਾ ਮੰਨੇ ਜਾਂਦੇ ਹਨ। ਦਸ ਥਾਟਾਂ ਦੇ ਅਨੁਸਾਰ 484×10=4840 ਰਾਗ ਪੈਦਾ ਹੋ ਸਕਦੇ ਹਨ। ਪਰ ਰੰਜਕਤਾ ਇਨੇ ਜ਼ਿਆਦਾ ਰਾਗ ਗਾਉਣਾ ਬਹੁਤ ਔਖਾ ਹੈ। ਪ੍ਰਚਲਿਤ ਰਾਗਾਂ ਦੀ ਕੁਲ ਸੰਖਿਆ150 ਭਾਗ 200 ਹੀ ਹੈ।

ਪਾਠ-10

# ਆਧੁਨਿਕ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਕਾਲ ਵਿੱਚ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਜੀ ਦੀ ਸੰਗੀਤ ਪ੍ਰਤੀ ਦੇਣ

ਆਧਨਿਕ ਕਾਲ ਵਿੱਚ ਪੰ: ਵਿਸਨੂੰ ਨਰਾਇਣ ਭਾਤਖੰਡੇ ਜੀ ਦੀ ਭਾਰਤੀ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਪੰ ਜੀ ਦਾ ਨਿਵਾਸਸਥਾਨ ਬਾਲਕੇਸ਼ਵਰ(ਮਹਾਰਾਸ਼ਟਰਾ) ਸੀ। ਇਹਨਾਂ ਦਾ ਜਨਮ 10 ਅਗਸਤ 1862 ਈ: ਨੂੰ ਇੱਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਆਪ ਉੱਚ ਕੋਟੀ ਦੇ ਵਿਦਵਾਨ ਅਤੇ ਆਪਣੇ ਸਮੇਂ ਦੇ ਮੰਨੇ ਹੋਏ ਵਕੀਲ ਸਨ। ਆਪਨੂੰ ਸੰਗੀਤ ਦੀ ਅਜਿਹੀ ਲਗਨ ਲੱਗੀ ਕਿ ਆਪ ਨੇ ਵਕਾਲਤ ਦਾ ਕਿੱਤਾ ਛੱਡ ਕੇ ਸੰਗੀਤ ਵਿੱਚ ਆਈਆਂ ਤਰੁੱਟੀਆਂ ਨੂੰ ਦੂਰ ਕਰਨ ਲੱਗ ਪਏ। ਸੰਨ 1904 ਈ: ਵਿੱਚ ਇਹਨਾਂ ਨੇ ਦੱਖਣ ਵੱਲ ਯਾਤਰਾ ਕਰਕੇ ਵੱਡੇ- ਵੱਡੇ ਸੰਗੀਤਕਾਰਾਂ ਨਾਲ ਵਿਚਾਰ- ਵਟਾਂਦਰਾ ਕੀਤਾ ਅਤੇ ਕਮਜ਼ੋਰ ਪ੍ਰਾਚੀਨ ਗ੍ਰੰਥਾਂ ਦਾ ਅਧਿਐਨ ਕੀਤਾ। ਦੋ ਸਾਲਾਂ ਤੱਕ ਦੱਖਣ ਵਿੱਚ ਰਹਿਣ ਤੋਂ ਬਾਅਦ ਉਹਨਾਂ ਨੇ ਉੱਤਰੀ ਭਾਰਤ ਦਾ ਦੋਰਾ ਕੀਤਾ। ਇਥੇ ਵੀ ਇਹ ਬਹੁਤ ਸਾਰੇ ਸੰਗੀਤਕਾਰਾਂ ਦੇ ਸੰਪਰਕ ਵਿੱਚ ਆਏ ਤੇ ਪ੍ਰਾਚੀਨ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਤੋਂ ਬਾਅਦ ਭਾਤਖੰਡੇ ਜੀ ਨੇ ਮੱਧ ਭਾਰਤ ਦੇ ਉੱਤਰ ਪ੍ਰਦੇਸ਼ ਵਿੱਚ ਵੀ ਦੋਰੇ ਕੀਤੇ। ਇਸ ਤਰ੍ਹਾਂ ਭਾਰਤ ਦੀਆਂ ਅਲੱਗ- ਅਲੱਗ ਦਿਸ਼ਾਵਾਂ ਦੀ ਯਾਤਰਾ ਕਰਕੇ ਉੱਥੇ ਦੇ ਪਰੰਪਰਾਵਾਂ ਦੀ ਬਹੁਪੱਖੀ ਜਾਨਕਾਰੀ ਪ੍ਰਾਪਤ ਕੀਤੀ। ਭਾਤਖੰਡੇ ਜੀ ਨੇ ਸੰਗੀਤ ਦੀ ਅਰਾਧਨਾ ਕਰਕੇ ਸੰਗੀਤ ਨੂੰ ਜਨਸਧਾਰਣ ਵਿੱਚ ਸਨਮਾਨਿਤ ਸਥਾਨ ਦਿਲਾਇਆ। ਸੰਗੀਤ ਗ੍ਰੰਥਾਂ ਨੂੰ ਅਸਾਨ ਭਾਸ਼ਾਵਾਂ ਵਿੱਚ ਲਿਖ ਕੇ ਆਮ ਲੋਕਾਂ ਤੱਕ ਪਹੁੰਚਾਇਆ। ਪੰ ਭਾਤਖੰਡੇ ਜੀ ਨੇ ਭਾਰਤੀ ਸੰਗੀਤ ਨੂੰ ਹੇਠ ਲਿਖੀ ਦੇਣ ਪ੍ਰਾਪਤ ਹੈ:

## 1. ਸੁਰ ਲਿਪੀ

ਗੀਤਾ ਦੀ ਸਵਰ ਲਿਪੀ ਲਿਖਣ ਲਈ ਇੱਕ ਸਰਲ ਢੰਗ ਦਾ ਨਿਰਮਾਣ ਕਰਨਾ ਭਾਤਖੰਡੇ ਜੀ ਦਾ ਸਭ ਤੋਂ ਵੱਡਾ ਅਤੇ ਅਮੁਲਾ ਕੰਮ ਸੀ। ਇਸ ਲਈ ਉਹਨਾਂ ਨੇ ਨਵੀਂ ਸਵਰ ਲਿਪੀ ਦੀ ਰਚਨਾ ਕੀਤੀ ਜਿਸ ਨੂੰ ਭਾਤਖੰਡੇ ਸੁਰ ਲਿਪੀ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ ਸੰਗੀਤ ਦੀਆਂ ਬੰਦਿਸ਼ਾਂ ਜਵਾਨੀ ਯਾਦ ਕੀਤੀਆਂ ਜਾਂਦੀਆਂ

ਸਨ ਪਰ ਭਾਤਖੰਡੇ ਸਵਰ- ਲਿਪੀ ਬਣਨ ਨਾਲ ਪੁਰਾਣੀਆਂ ਬੰਦਿਸ਼ਾਂ ਨੂੰ ਇਕੱਠਾਂ ਕਰਕੇ ਉਹਨਾਂ ਨੂੰ ਮਿਟ ਜਾਣ ਤੋਂ ਬਚਾਇਆ।

## 2. ਸੰਗੀਤ ਨੂੰ ਹਰਮਨ ਪਿਆਰਾ ਬਣਾਉਣਾ

ਸੰਗੀਤ ਨੂੰ ਹਰਮਨ ਪਿਆਰਾ ਬਣਾਉਣ ਦਾ ਸਿਹਰਾ ਵੀ ਭਾਤਖੰਡੇ ਜੀ ਨੂੰ ਜਾਂਦਾ ਹੈ ਇਹ ਮਹਾਨ ਕੰਮ ਕਰਕੇ ਜਨ ਸਧਾਰਨ ਇਸ ਦੀ ਰੁਚੀ ਅਤੇ ਲਗਨ ਪੈਦਾ ਕਰਨ ਦਾ ਵਿਸ਼ਾਲ ਦਰਖਤ ਲਗਾਇਆ । ਸੰਗੀਤ ਵਿੱਚ ਰੁਚੀ ਲਿਆਉਣ ਲਈ ਉਹਨਾਂ ਨੇ ਸੰਗੀਤ ਦਾ ਪ੍ਰਚਾਰ ਕੀਤਾ।

## 3. ਪੁਸਤਕਾਂ

ਪੰ ਜੀ ਨੇ ਸਾਰੇ ਭਾਰਤ ਦਾ ਦੌਰਾ ਕਰਕੇ ਜੋ ਸਮਰਾਰੀ ਸੰਗੀਤਕਾਰਾਂ ਤੋਂ ਪ੍ਰਾਪਤ ਕੀਤੀ ਉਸਦੇ ਫਲਸਦ ਰੂਪ ਕਈ ਪੁਸਤਕਾਂ ਛਪਵਾਈਆਂ,'ਹਿੰਦੁਸਤਾਨੀ ਸੰਗੀਤ ਪਦਤੀ (ਚਾਰ ਭਾਗ) ਇਸ ਵਿੱਚ ਸੰਗੀਤ ਸ਼ਾਸਤਰ ਦੀ ਚਰਚਾ ਕੀਤੀ ਗਈ ਹੈ। ਕ੍ਰਮਿਕ ਪੁਸਤਕ ਮਾਲਿਕਾ (ਛੇ ਭਾਗ) ਜਿਸ ਵਿਚ ਸੈਂਕੜੇ ਪਰੰਪਰਾਗਤ ਧਰੁਪਦ ਧਮਾਰ, ਤਰਾਨੇ,ਖਿਆਲ ਲਿਖੇ ਗਏ ਹਨ। ਅਭਿਨਵ ਰਾਗ ਮੰਜਰੀ ਆਪਨੇ ਇਸ ਸੰਗੀਤ ਪੁਸਤਕਾਂ ਵਿੱਚ 'ਚਤੁਰ ਪੰਡਿਤ' ਦੀ ਉਪਮਾ ਹੇਠ ਰਚਨਾਵਾਂ ਵੀ ਲਿਖਿਆ। ਕੁਝ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਹਿੰਦੀ ਵਿਚ ਕੀਤਾ। ਅੱਜ ਦੇ ਸੰਗੀਤਕਾਰਾਂ ਨੂੰ ਪੁਰਾਤਨ ਸੰਗੀਤ ਦੇ ਗੌਰਵ ਤੋਂ ਵੀ ਜਾਣੂ ਕਰਵਾਇਆ।

## 4. ਸੰਗੀਤ ਸਿਖਿਆ ਅਤੇ ਪ੍ਰੀਖਿਆ ਪ੍ਰਣਾਲੀ ਸ਼ੁਰੂ ਕਰਵਾਈ

ਪੰਃ ਜੀ ਨੇ ਆਪਣੇ ਸੰਗੀਤ ਸਿਖਿਆ ਪ੍ਰਣਾਲੀ ਦੀ ਰਚਨਾ ਕੀਤੀ। ਵਿਦਿਆਰਥੀਆਂ ਲਈ ਸਕੂਲ ਤੇ ਕਾਲਜਾਂ ਦੇ ਪੱਧਰ ਤਕ ਪ੍ਰਣਾਲੀ ਦਾ ਕੰਮ ਸ਼ੁਰੂ ਕਰਵਾ ਕੇ ਸੰਗੀਤ ਜਗਤ ਨੂੰ ਨਵੀਂ ਦਿਸ਼ਾ ਦਿੱਤੀ।

## 5. ਵਿਦਿਆਲਿਆ ਦੀ ਸਥਾਪਨਾ

ਪੰਃ ਜੀ ਦੇ ਯਤਨਾਂ ਸਦਕਾ ਮੈਰਿਸ ਕਾਲਜ ਆਫ ਮਿਊਜ਼ਿਕ ਲਖਨਊ ਮਾਧਵ ਸੰਗੀਤ ਵਿਦਿਆਲਾ ਗਵਾਲਿਅਰ, ਮਿਊਜਿਕ ਕਾਲਜ ਬੜੌਦਾ ਵਿਖੇ ਸੰਗੀਤ ਵਿਦਿਆਲਾ ਦੀ ਸਥਾਪਨਾ ਕਰਵਾਈ। ਜਿਸ ਨਾਲ ਸੰਗੀਤ ਕਲਾ ਦਾ ਪ੍ਰਸਾਰ ਤੇ ਪ੍ਰਚਾਰ ਬਹੁਤ ਹੋਇਆ।

## 6. ਥਾਟ ਰਾਗ ਪਦਤੀ

ਭਾਤ ਖੰਡੇ ਜੀ ਨੇ ਵਿਅੰਕਟ ਮੁੱਖੀ ਦੇ 72 ਥਾਟਾਂ ਤੋਂ 10 ਥਾਟਾਂ ਨੂੰ ਉੱਨਤੀ ਪ੍ਰਣਾਲੀ ਦੇ ਲਈ ਚੁਣ ਕੇ ਉਨ੍ਹਾਂ ਦੇ ਆਧਾਰਾਂ ਤੇ ਰਾਗਾਂ ਦੀ ਰਚਨਾ ਕੀਤੀ। ਥਾਟ ਰਾਗ ਪਦਤੀ ਤੋਂ ਪਹਿਲਾਂ ਰਾਗ-ਰਾਗਿਨੀ ਪਦਤੀ ਪ੍ਰਚਲਿਤ ਸੀ ਜਿਸ ਵਿਚ ਬਹੁਤ ਖਾਮੀਆਂ ਸਨ। ਇਨ੍ਹਾਂ ਨੂੰ ਦੂਰ ਕਰਕੇ ਭਾਤ-ਖੰਡੇ ਜੀ ਨੇ ਥਾਟਰਾਗ ਪਦਤੀ ਨੂੰ ਪ੍ਰਚਾਰ ਵਿੱਚ ਲਿਆਂਦਾ। ਥਾਟ ਰਾਗ ਪਦਤੀ ਨਾਲ ਸੰਗੀਤਕਾਰਾਂ ਵਿੱਚ ਨਿਯਮਬੱਧ ਢੰਗ ਨਾਲ ਗਾਉਣ-ਵਜਾਉਣ ਦੀ ਯੋਗਤਾ ਪੈਦਾ ਹੋਈ।

## 7. ਰਾਗਾਂ ਦਾ ਵਰਗੀਕਰਣ

ਰਾਗਾਂ ਦਾ ਵਰਗੀਕਰਣ ਪੰ: ਜੀ ਨੇ ਅਪਨੇ ਸਮੇਂ ਦੇ ਸੌ ਰਾਗਾਂ ਦਾ ਨਿਰਮਾਣ ਦਸ ਥਾਟਾਂ ਤੇ ਆਧਾਰ ਤੇ ਹੀ ਕੀਤਾ। ਸੰਗੀਤ ਨੂੰ ਸ਼ਾਸਤਰਾਂ ਦਾ ਅਧਾਰ ਵੀ ਪੰ: ਜੀ ਨੇ ਦਿੱਤਾ ਜਿਸ ਨਾਲ ਸੰਗੀਤ ਦਾ ਵਿਕਾਸ ਵਿਗਿਆਨਕ ਤੇ ਠੀਕ ਢੰਗ ਨਾਲ ਹੋਣ ਲੱਗਾ।

## 8. ਗੀਤ-ਰਚਨਾ

ਆਪਨੇ ਖਿਆਲ,ਧਰੁਪਦ, ਧਮਾਰ, ਤਰਾਨਾ ਅਤੇ ਕਈ ਲਛਣ ਗੀਤਾਂ ਦੀ ਰਚਨਾ ਕੀਤੀ। ਭਾਰਤੀ ਸੰਗੀਤ ਵਿੱਚ ਲਛਣ ਗੀਤਾ ਨੂੰ ਸਥਾਨ ਵੀ ਭਾਤਖੰਡੇ ਜੀ ਨੇ ਹੀ ਦੁਆਇਆ ਸੀ।

## 9. ਸੰਗੀਤ ਸੰਮੇਲਨ

ਜਨ ਸਧਾਰਨ ਦੀ ਸੰਗੀਤ ਪ੍ਰਤੀ ਰੁਚੀ ਪੈਦਾ ਕਰਨ ਲਈ ਉਹਨਾਂ ਨੇ ਅਨੇਕਾਂ ਗੋਸ਼ਟੀਆਂ ਦਾ ਪ੍ਰਬੰਧ ਕੀਤਾ ਅਤੇ ਸੰਨ 1916 ਵਿੱਚ ਬੜੌਦਾ ਵਿਖੇ ਸੰਗੀਤ ਸੰਮੇਲਨ ਕਰਵਾਇਆ। ਇਸ ਸੰਗੀਤ ਸੰਮੇਲਨ ਵਿੱਚ ਦੇਸ਼ ਭਰ ਦੇ ਸੰਗੀਤਕਾਰਾਂ ਬੁਲਾਏ ਗਏ। ਇਹ ਸੰਮੇਲਨ ਇਨ੍ਹਾਂ ਸਫਲ ਰਿਹਾ ਕਿ ਸਾਰੇ ਭਾਰਤ ਵਿੱਚ ਇਸ ਦੀਆਂ ਧੂਮਾਂ ਪੈ ਗਈਆਂ। ਇਸ ਤਰ੍ਹਾਂ ਭਾਰਤ ਵਿਚ ਸੰਗੀਤ ਪ੍ਰੇਮੀਆਂ ਦੀ ਸਹਾਇਤਾ ਨਾਲ ਸੰਗੀਤ ਸੰਮੇਲਨ ਕਰਵਾਏ ਗਏ ਇਸ ਲਈ ਭਾਰਤ ਵਿਚ ਕੀਤੇ ਜਾ ਰਹੇ ਸੰਗੀਤ ਸੰਮੇਲਨ ਦਾ ਸਿਹਰਾ ਵੀ ਭਾਤਖੰਡੇ ਜੀ ਨੂੰ ਹੀ ਜਾਂਦਾ ਹੈ।

### 10. ਪ੍ਰਾਚੀਨ ਕਲਾਕਾਰਾਂ ਦੀ ਸਮਗਰੀ ਨੂੰ ਸੁਰਲਿਪੀ ਬੱਧ ਕਰਨਾ ਤੇ ਗ੍ਰੰਥ ਪਰਿਚਅ ਕਰਵਾਉਣਾ

ਭਾਤਖੰਡੇ ਜੀ ਨੇ ਸੰਗੀਤ ਕਲਾਕਾਰਾਂ ਦੀਆਂ ਸਮਝ ਆਉਣ ਵਾਲੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਨੋਟੇਸ਼ਨ ਪ੍ਰਣਾਲੀ ਵਿੱਚ ਨਿਬੱਧ ਕਰਕੇ ਸੰਗੀਤ ਦੇ ਵਿਦਿਆਰਥੀਆਂ ਤੇ ਉਪਕਾਰ ਕੀਤਾ। ਆਪਨੇ ਕਿਹੜੀ ਪੁਸਤਕ ਕਿਹੜੇ ਗ੍ਰੰਥ ਵਿੱਚ ਉਪਲਬਧ ਹੈ, ਇਹਨਾਂ ਸਾਰੀਆਂ ਦਾ ਵਰਣਨ ਲਿਖ ਕੇ ਸੰਗੀਤ ਦੇ ਵਿਦਿਆਰਥੀਆਂ ਲਈ ਨਵਾਂ ਰਸਤਾ ਦਿਖਾਇਆ।

ਅੰਤ ਵਿੱਚ ਅਸੀਂ ਇਹ ਹੀ ਕਹਾਗੇ ਕਿ ਭਾਤਖੰਡੇ ਜੀ ਨੇ ਸੰਗੀਤ ਦੀ ਸੇਵਾ ਵਿੱਚ ਆਪਣਾ ਸਾਰਾ ਜੀਵਨ ਲਗਾ ਕੇ ਸੰਗੀਤ ਨੂੰ ਇਕ ਨਵਾਂ ਜੀਵਨ ਦਿੱਤਾ। ਭਾਵ ਉਹ ਜਿਨੀ ਦੇਰ ਜੀਉਂਦੇ ਰਹੇ ਸੰਗੀਤ ਲਈ ਹੀ ਜੀਏ। ਅੱਜ ਦਾ ਭਾਰਤੀ ਸੰਗੀਤ ਉਨ੍ਹਾਂ ਦੀਆਂ ਮਹਾਨ ਸੇਵਾਵਾਂ ਲਈ ਸਦਾ ਰਿਣੀ ਰਹੇਗਾ।

# ਦਸਵੀਂ ੍ਰੇਣੀ ਲਈ

ਪਾਠ–1

# ਸਪਤਕ

**(ਮੰਦਰ,ਮੱਧ, ਤਾਰ)**

## ਪਰਿਭਾਸ਼ਾਵਾਂ

ਸੱਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

ਸਪਤਕ ਦਾ ਅਰਥ ਹੈ ਸਪਤ (ਸੱਤ) ਅਸੀਂ ਇਹ ਵੀ ਕਹਿ ਸਕਦੇ ਹਾਂ ਚਲ ਅਤੇ ਅਚੱਲ ਸੁਰਾਂ ਦੇ ਗਾਉਣ ਤੇ ਵਜਾਉਣ ਦੇ ਅੰਤਰ ਨਾਲ 12 ਸੁਰ ਬਣਦੇ ਹਨ। ਇਹਨਾਂ ਵਿਚੋਂ ਸ਼ੁਧ ਸੱਤ ਸੁਰਾਂ ਦੇ ਸਮੂਹ ਨੂੰ ਸਪਤਕ ਕਹਿੰਦੇ ਹਨ।

**ਸਪਤਕ ਦੀਆਂ ਕਿਸਮਾਂ** - ਆਵਾਜ ਜਾਂ ਧੁਨੀ ਕਈ ਤਰਾਂ ਦੀ ਹੁੰਦੀ ਹੈ ਜਿਹਨਾ ਵਿਚੋਂ ਕਈ ਧੁਨੀਆਂ ਭਾਰੀ ਤੇ ਬਰੀਕ ਹੁੰਦੀਆ ਹਨ। ਇਸ ਧੁਨੀ ਦੇ ਅੰਤਰ ਨੂੰ ਦੇਖਦੇ ਸਪਤਕ ਮੁੱਖ ਤਿੰਨ ਤਰਾਂ ਦੇ ਹਨ।

1. **ਸਪਤਕ:** ਇਸ ਸਪਤਕ ਦੀ ਆਵਾਜ ਆਮ ਆਵਾਜ ਨਾਲੋਂ ਦੁਗਣੀ ਨੀਵੀਂ ਹੁੰਦੀ ਹੈ। ਸੁਰ ਲਿਪੀ ਵਿੱਚ ਇਸ ਸਪਤਕ ਦੇ ਸੁਰਾਂ ਦੇ ਥੱਲੇ ਬਿੰਦੀ ਲਗਾਈ ਜਾਂਦੀ ਹੈ। ਜਿਵੇਂ–ਮ ਪ ਧ ਨੀ

2. **ਮੱਧ ਸਪਤਕ:** ਆਪ ਆਵਾਜ ਨੂੰ ਮੱਧ ਸਪਤਕ ਦੀ ਆਵਾਜ ਕਹਿੰਦੇ ਹਨ। ਇਸ ਸਪਤਕ ਦੀ ਅਵਾਜ ਨਾ ਜਿਆਦਾ ਨੀਵੀਂ ਤੇ ਨਾ ਜਿਆਦਾ ਉੱਚੀ ਹੁੰਦੀ ਹੈ। ਸੁਰ ਲਿਪੀ ਵਿੱਚ ਇਹਨਾਂ ਦੇ ਸੁਰਾਂ ਤੇ ਕੋਈ ਚਿੰਨ ਨਹੀਂ ਲਗਦਾ ਜਿਵੇਂ: ਸਾ ਰੇ,ਗ,ਮ,ਪ,ਧ,ਨੀ।

3. **ਸਪਤਕ:** ਇਸ ਸਪਤਕ ਦੇ ਸੁਰਾਂ ਦੀ ਆਵਾਜ ਮੱਧ ਸਪਤਕ ਤੇ ਸੁਰਾਂ ਤੋਂ ਦੁਗਣੀ ਅਤੇ ਮੰਦਰ ਸਪਤਕ ਦੀ ਸੁਰਾਂ ਤੋਂ ਚੌਗੁਣੀ ਉੱਚੀ ਹੁੰਦੀ ਹੈ। ਇਸ ਸਪਤਕ ਦੀ ਆਵਾਜ ਬਰੀਕ ਤੇ ਤੀਖੀ ਹੁੰਦੀ ਹੈ। ਇਹਨਾਂ ਸੁਰਾਂ ਨੂੰ ਰਿਆਜ ਨਾਲ ਹੀ ਗਾਇਆ, ਵਜਾਇਆ ਜਾਂਦਾ ਹੈ। ਇਸ ਸਪਤਕ ਦੇ ਸੁਰਾਂ ਦੇ ਉਪਰ ਬਿੰਦੀ ਲਗਾਈ ਗਈ ਹੈ ਜਿਵੇਂ :–ਸ, ਰੇ, ਗ,ਮ

## ਅਚਲ, ਚਲ ਸਵਰ

ਮਹਾਂਰਿਸ਼ੀ ਭਰਤ ਨੇ ਸਤ ਸਵਰਾਂ ਬਾਰੇ ਦੱਸਿਆ ਹੈ। ਉਨਾਂ ਨੇ ਸਵਰ ਸ਼ਬਦ ਦੀ ਵਿਆਖਿਆ ਨਹੀਂ ਕੀਤੀ। ਸੰਗੀਤ ਦੇ ਗ੍ਰੰਥਾਂ ਵਿਚ ਸਤੰਗ ਦੀ ਲਿਖਿਤ ਬਿਰਦੇਸ਼ੀ ਵਿੱਚ ਸਵਰ ਸ਼ਬਦ ਦੀ ਵਿਆਖਿਆ ਵਿਆਕਰਣ ਦੇ ਅਧਾਰ ਤੇ ਮਿਲਦੀ ਹੈ। ਸਤੰਗ ਰਿਸ਼ੀ ਨੇ ਸਵਰ ਦੇ ਦੋ ਭਾਗ ਦੱਸੇ–'ਸਵ ਅਤੇ ਰ'। 'ਸਵ' ਦਾ ਅਰਥ ਹੈ 'ਸਵਯਮ' ਅਤੇ 'ਰ' ਦਾ ਅਰਥ ਹੈ 'ਰਾਜਤੇ'। ਇਸ ਲਈ ਮੰਤਰਾ ਦੇ ਅਨੁਸਾਰ 'ਸਵਰ' ਸ਼ਬਦ ਦਾ ਅਰਥ ਹੈ ਜਿਹੜਾ ਸਵਯਮ (ਆਪਣੇ ਆਪ) ਪ੍ਰਕਾਸ਼ਿਤ ਹੋਏ।

ਸਵਰ ਸ਼ਰੂਤੀਆਂ ਤੋਂ ਹੀ ਬਣਦੇ ਹਨ। ਪ੍ਰਾਚੀਨ ਸਮੇਂ ਤੋਂ ਹੀ ਸਵਰਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਭਾਰਤੀ ਸੰਗੀਤ ਵਿਚ 22 ਸ਼ਰੂਤੀਆਂ ਮੰਨੀਆਂ ਗਈਆਂ ਹਨ ਜਿਸ ਤੋਂ 7 ਸਵਰਾਂ ਦੀ ਸਥਾਪਨਾ ਕੀਤੀ ਗਈ। ਸਤ ਸਵਰਾਂ ਦੇ ਨਾਂ ਇਸ ਤਰ੍ਹਾਂ ਹਨ,- ਸ਼ੜ੍ਜ, ਰਿਸ਼ਭ ਗੰਧਾਰ ਮੱਧਮ ਪਚੰਮ ਧੈਵਤ ਨਿਸ਼ਾਦ। ਇਨ੍ਹਾਂ ਸਤ ਸਵਰਾਂ ਦੇ ਦੋ ਰੂਪ ਮੰਨੇ ਗਏ ਹਨ

1. ਅਚਲ ਸਵਰ　　　2. ਚਲ ਸਵਰ

1. **ਅਚਲ ਸਵਰ:**

ਅਚਲ ਸਵਰ ਦਾ ਅਰਥ ਹੈ ਸਥਿਰ ਜਾਂ ਨ ਚਲਨ ਵਾਲਾ ਜਾਂ ਅਪਨੀ ਜਗ੍ਹਾਂ ਦੇ ਅਡਿਗ ਰਹਿਣ ਵਾਲਾ। ਇਸ ਲਈ ਭਾਰਤੀ ਸੰਗੀਤ ਦੇ ਉਹ ਸਵਰ ਜਿਹੜੇ ਆਪਣੇ ਮੂਲਜਗਹ ਤੇ ਨਿਸ਼ਚਿਤ ਰਹਿਣ ਉਹਨਾਂ ਨੂੰ ਅਚਲ ਦੀ ਸੰਗਿਆਂ (ਨਾਂ) ਦਿੱਤੀ ਜਾਂਦੀ ਹੈ। ਸੰਗੀਤ ਵਿੱਚ ਅਚਲ ਦੋ ਹੀ ਮੰਨੇ ਗਏ ਹਨ 'ਸ' ਅਤੇ 'ਪ'। ਇਹ ਦੋ ਸਵਰ ਅਜਿਹੇ ਸਵਰ ਹਨ ਜਿਹੜੇ ਗਾਇਨ,ਵਾਦਨ ਸਮੇਂ ਆਪਣੇ ਨਿਸ਼ਚਿਤ ਸਥਾਨ ਤੇ ਰਹਿੰਦੇ ਹਨ।

2. **ਚਲ ਸਵਰ:**

ਚਲ ਦਾ ਅਰਥ ਹੈ, ਚਲਣ ਵਾਲਾ ਇਸ ਲਈ ਉਹ ਸਵਰ ਜਿਹੜੇ ਆਪਣੇ ਨਿਸ਼ਚਿਤ ਸਥਾਨ ਤੋਂ ਉਪਰ ਜਾਂ ਨੀਵੇਂ ਵੱਲ ਜਾਣ ਉਸਨੂੰ ਚਲ ਸਵਰ ਕਹਿੰਦੇ ਹਨ। ਚਲ ਸਵਰ ਦੋ ਤਰ੍ਹਾਂ ਦੇ ਹੁੰਦੇ ਹਨ:-

1. ਸਵਰ　　　2. ਤੀਵਰ ਸਵਰ

**1 ਕੋਮਲ ਸਵਰ** : ਉਹ ਸਵਰ ਜਿਹੜੇ ਗਾਇਨ ਵਾਦਨ ਵਿੱਚ ਆਪਣੀ ਨਿਸ਼ਚਿਤ ਜਗ੍ਹਾਂ ਤੋਂ ਨੀਵੇਂ ਵਲ ਗਾਏ ਵਜਾਏ ਜਾਣ ਉਹਨਾਂ ਨੂੰ ਕੋਮਲ ਸਵਰ ਕਹਿੰਦੇ ਹਨ। ਸੰਗੀਤ ਵਿੱਚ ਕੋਮਲ ਸਵਰਾਂ ਦੀ ਸੰਖਿਆ ਚਾਰ ਮੰਨੀ ਗਈ ਹੈ। ਇਹ ਚਾਰ ਸਵਰ ਇਸ ਤਰ੍ਹਾਂ ਹਨ- ਰੁੇ ਗੁ ਧੁ ਨੁੀ। ਇਨ੍ਹਾਂ ਸਵਰਾਂ ਨੂੰ ਕੋਮਲ ਵਿਕਰਿਤ ਸਵਰ ਵੀ ਕਿਹਾ ਜਾਂਦਾ ਹੈ।

**2 ਤੀਵਰ ਸਵਰ**: ਉਹ ਸਵਰ ਜਿਹੜੇ ਆਪਣੀ ਨਿਸ਼ਚਿਤ ਜਗ੍ਹਾਂ ਤੋਂ ਉਪਰ ਨੂੰ ਗਾਏ ਵਜਾਏ ਜਾਣ ਭਾਵ ਉੱਚ ਸਵਰਾਂ ਵਿੱਚ ਗਾਇਆ ਜਾਵੇ ਉਸ ਸਵਰ ਨੂੰ ਤੀਵਰ ਸਵਰ ਕਹਿੰਦੇ ਹਨ। ਸੰਗੀਤ ਵਿੱਚ ਇਕ ਹੀ ਤੀਵਰ ਸਵਰ ਮੰਨਿਆ ਗਿਆ ਹੈ 'ਮੇ' । ਇਸ ਨੂੰ ਤੀਵਰ ਵਿਕਰਿਤ ਸਵਰ ਵੀ ਕਿਹਾ ਗਿਆ ਹੈ।

ਇਸ ਤਰ੍ਹਾਂ ਸੰਗੀਤ ਵਿੱਚ ਸ਼ੁਧ ਤੇ ਵਿਕਰਿਤ ਸਵਰਾਂ ਨੂੰ ਮਿਲਾ ਕੇ ਕੁਲ ਸੰਖਿਆ 12 ਮੰਨੀ ਗਈ ਹੈ।

| | |
|---|---|
| ਅਚਲ ਸਵਰ | = ਸ,ਪ |
| ਚਲ ਸਵਰ | = ਰੇ ਗ ਮ ਧ ਨੀ |
| ਕੋਮਲ ਵਿਕਰਿਤ | = ਰੁੇ ਗੁ ਧ ਨੁੀ |
| ਤੀਵਰ ਵਿਕਰਿਤ | = ਮੇ |

## ਅਲੰਕਾਰ

ਅਲੰਕਾਰ ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਜਾਉਣਾ। ਜਿਵੇਂ ਮਨੁੱਖ ਅਪਨੇ ਸਰੀਰ ਨੂੰ ਸਜਾਉਣ ਲਈ ਭਿੰਨ-ਭਿੰਨ ਤਰ੍ਹਾਂ ਦੇ ਗਹਿਣੇ ਪਾਉਦਾ ਹੈ ਕਿ ਉਹ ਖੂਬਸੂਰਤ ਲੱਗੇ ਉਨੀ ਤਰਾਂ ਜਦੋਂ ਅਸੀਂ ਗਾਇਨ,ਵਾਦਨ ਤੇ ਨਰਿਤ ਵਿੱਚ ਭਿੰਨ- ਭਿੰਨ ਤਰ੍ਹਾਂ ਦੇ ਸਵਰ ਸਮੂਹਾਂ ਨੂੰ ਪ੍ਰਯੋਗ ਕਰਕੇ ਇਹਨਾਂ ਕਲਾਵਾਂ ਨੂੰ ਸਜਾਉਂਦੇ ਹਾਂ ਉਸ ਨੂੰ ਅਲੰਕਾਰ ਕਹਿੰਦੇ ਹਨ। ਅਲੰਕਾਰ ਦਾ ਇਕ ਸਿਧਾਂਤ ਹੈ ਕਿ ਜੋ ਸਵਰ ਅਸੀਂ ਅਲੰਕਾਰਾਂ ਦੀ ਅਰੋਹ ਵਿੱਚ ਲਗਾਵਾਗੇ ਉਹ ਹੀ ਸਵਰ ਅਵਰੋਹੀ ਵਿੱਚ ਲੱਗਣਗੇ। ਅਲੰਕਾਰ ਸ਼ੁਧ ਸਵਰਾਂ ਤੋਂ ਇਲਾਵਾ ਕੋਮਲ ਸਵਰ ਤੇ ਤੀਵਰ ਸਵਰ ਲਗਾਕੇ ਵੀ ਬਣਾਏ ਜਾ ਸਕਦੇ ਹਨ। ਅਲੰਕਾਰ ਨੂੰ ਪਲਟਾ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ ਪਲਟਣਾ। ਅਲੰਕਾਰ ਬਣਾਉਂਦੇ ਸਮੇਂ ਸਵਰਾਂ ਦੀ ਸੰਖਿਆ ਅਤੇ ਕ੍ਰਮ ਆਪਣੀ ਇੱਛਾ

ਮੁਤਾਬਿਕ ਨਿਯਮਬੱਧ ਕੀਤੇ ਜਾ ਸਕਦੇ ਹਨ। ਗਾਇਨ ਵਿੱਚ ਤਾਲਾਂ ਵੀ ਅਲੰਕਾਰਾਂ ਦੇ ਆਧਾਰ ਤੇ ਬਣਦੀਆਂ ਹਨ। ਇਹਨਾਂ ਦੇ ਅਭਿਆਸ ਨਾਲ ਗਾਇਨ, ਵਾਦਨ ਦੋਨੋ ਕਲਾਵਾਂ ਵਿੱਚ ਨਿਖਾਰ ਆ ਜਾਂਦਾ ਹੈ। ਸੰਗੀਤ ਵਿੱਚ ਸਵਰਾਂ ਦੇ ਛੋਟੇ- ਛੋਟੇ ਸਮੂਹ ਲੈ ਕੇ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ ਕਿਉਂਕਿ ਜਦੋਂ ਅਸੀਂ ਇਕ ਸਵਰ ਦਾ ਪ੍ਰਯੋਗ ਕਰਦੇ ਹਾਂ ਤਾਂ ਉਹ ਇਹਨਾਂ ਮੰਨ ਨੂੰ ਨਹੀਂ ਭਾਉਂਦਾ ਪ੍ਰੰਤੂ ਜਦੋਂ ਅਸੀਂ ਅਲੰਕਾਰਾਂ ਵਿੱਚ ਸਵਰਾਂ ਦੇ ਛੋਟੇ- ਛੋਟੇ ਟੁਕੜਿਆਂ ਦਾ ਵਕਰ ਰੂਪ ਵਿੱਚ ਪ੍ਰਯੋਗ ਕਰਦੇ ਹਾਂ ਤਾਂ ਇਹ ਦੋਨੋ ਕ੍ਰਿਆਵਾ ਵਿੱਚ ਇਕ ਮਸਤੀ ਜਹੀ ਆ ਜਾਂਦੀ ਹੈ ਅਤੇ ਅਲੰਕਾਰ ਗਾਉਣ ਜਾਂ ਵਜਾਉਣ ਵਾਲਾ ਇਸ ਦਾ ਪੂਰਾ ਅਨੰਦ ਮਾਣਦਾ ਹੈ। ਭਰਤ ਨਾਟਯ ਸ਼ਾਸ਼ਤਰ ਵਿਚ ਭਰਤ ਮੁਨੀ ਜੀ ਨੇ ਠੀਕ ਹੀ ਕਿਹਾ ਹੈ ਕਿ ਜਿਵੇਂ ਪਾਣੀ ਤੋਂ ਬਿਨਾ ਨਦੀ, ਚੰਦਰਮਾ ਤੋਂ ਬਿਨਾਂ ਰਾਤ, ਫੁੱਲ ਤੋਂ ਬਿਨਾ ਪੱਤਾ ਹੈ ਉਸੀ ਤਰਾਂ ਅਲੰਕਾਰਾਂ ਤੋਂ ਬਿਨਾਂ ਸੰਗੀਤ ਦੀ ਸੁੰਦਰਤਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।

## ਅਲੰਕਾਰਾਂ ਦੇ ਲਾਭ

ਅਲੰਕਾਰਾਂ ਦੇ ਹੇਠ ਲਿਖੇ ਲਾਭ ਹਨਃ

1. ਅਲੰਕਾਰਾਂ ਨੂੰ ਜੇਕਰ ਅਕਾਰ ਨਾਲ ਗਾਇਆ ਜਾਵੇ ਅਤੇ ਨਾਲ ਤਾਲ ਦਿੱਤੀ ਜਾਵੇ ਤਾਂ ਵਿਦਿਆਰਥੀ ਦਾ ਗਲ੍ਹਾ ਅਤੇ ਲੈਅ ਦੋਨੋਂ ਤਿਆਰ ਹੋ ਜਾਂਦੇ ਹਨ।
2. ਅਲੰਕਾਰਾਂ ਦੇ ਅਭਿਆਸ ਨਾਲ ਸਾਜ ਮਾਸਪੇਸ਼ੀਆਂ ਨੂੰ ਲੰਬੇ ਸਮੇਂ ਤੱਕ ਕੰਮ ਕਰਨ ਦੀ ਸ਼ਕਤੀ ਮਿਲਦੀ ਹੈ।
3. ਅਲੰਕਾਰਾਂ ਦੇ ਗਾਣ, ਵਜਾਣ ਨਾਲ ਸੁਰ ਗਿਆਨ ਵੱਧਦਾ ਹੈ।
4. ਅਲੰਕਾਰਾਂ ਦੇ ਅਭਿਆਸ ਤੋਂ ਬਾਅਦ ਵਿਦਿਆਰਥੀ ਖੁਦ ਅਲੰਕਾਰਾਂ ਦੀ ਰਚਨਾ ਕਰ ਸਕਦਾ ਹੈ।
5. ਅਲੰਕਾਰਾਂ ਦੇ ਅਭਿਆਸ ਨਾਲ ਅਲਾਪ ਅਤੇ ਤਾਲਾਂ ਦੀ ਤਿਆਰੀ ਵਿਚ ਸਹਾਇਤਾ ਮਿਲਦੀ ਹੈ।
6. ਅਲੰਕਾਰਾਂ ਦੇ ਅਭਿਆਸ ਨਾਲ ਸਵਰ ਗਿਆਨ ਵਿੱਚ ਵਾਧਾ ਅਤੇ ਲੈਅ ਦਾ ਅਭਿਆਸ ਹੁੰਦਾ ਹੈ।

7. ਅਲੰਕਾਰਾਂ ਦਾ ਅਭਿਆਸ ਕੇਵਲ ਸੰਗੀਤ ਸਿੱਖਣ ਸਮੇਂ ਹੀ ਨਹੀਂ ਸਗੋਂ ਜਦੋਂ ਵੀ ਰਾਗ ਦੀ ਤਿਆਰੀ ਕਰਨੀ ਹੋਵੇ ਤਾਂ ਰਾਗਾਂ ਦਾ ਅਭਿਆਸ ਕਰਨਾ ਜਰੂਰੀ ਹੈ।

ਇਸ ਲਈ ਸੰਗੀਤ ਦੇ ਵਿਦਿਆਰਥੀਆਂ ਨੂੰ ਇਸ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ, ਜਿਸ ਸਦਕਾ ਉਹ ਉੱਤਮ ਸ਼੍ਰੇਣੀ ਦੇ ਕਲਾਕਾਰ ਬਣ ਸਕਦੇ ਹਨ। ਕਿਰਿਆਤਮਕ ਰਾਗ ਵਿੱਚ ਅਲੰਕਾਰ ਦਿੱਤੇ ਜਾ ਰਹੇ ਹਨ। ਵਿਦਿਆਰਥੀ ਨੂੰ ਇਹਨਾਂ ਅਲੰਕਾਰਾਂ ਦਾ ਅਭਿਆਸ ਕਰਕੇ ਆਪਣੀ ਕਲਾਂ ਵਿੱਚ ਨਿਖਾਰ ਲਿਆਉਣਾ ਚਾਹੀਦਾ ਹੈ।

## 4 ਸ਼ਰੂਤੀ

ਸ਼ਰੂਤੀ ਦਾ ਅਰਥ ਹੈ ਸੁਣਨਾ। ਸੰਗੀਤ ਵਿੱਚ ਅਸੀਂ ਹਰ ਸੁਣਨ ਵਾਲੀ ਆਵਾਜ਼ ਨੂੰ ਸ਼ਰੂਤੀ ਨਹੀਂ ਕਹਿ ਸਕਦੇ। ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਜੋ ਧਵਨੀ ਦੂਸਰੀ ਧੁਨੀਆਂ ਤੋਂ ਵਖਰੀ ਪਛਾਣੀ ਜਾ ਸਕੇ ਉਸਨੂੰ ਸੰਗੀਤ ਵਿੱਚ ਸ਼ਰੂਤੀ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿੱਚ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ,“ ਉਹ ਆਵਾਜ਼ ਜੋ ਗੀਤ ਵਿੱਚ ਪ੍ਰਯੋਗ ਕੀਤੀ ਜਾਵੇ ਇਕ ਦੂਜੇ ਤੋਂ ਅਲਗ ਪਛਾਣੀ ਜਾ ਸਕੇ ਉਸਨੂੰ ਸ਼ਰੂਤੀ ਕਹਿੰਦੇ ਹਨ।

ਸੰਗੀਤ ਵਿੱਚ ਬਾਈ ਨਾਦ ਅਜਿਹੇ ਹਨ ਜਿਸ ਨੂੰ ਸੁਣ ਕ ਪਛਾਣਿਆ ਜਾ ਸਕਦਾ ਹੈ, ਸੰਗੀਤ ਵਿੱਚ ਇਨ੍ਹਾਂ ਬਾਈ ਨਾਦਾਂ ਨੂੰ ਹੀ ਸ਼ਰੂਤੀ ਕਿਹਾ ਜਾਂਦਾ ਹੈ।

ਹਰ ਸ਼ਰੂਤੀ ਨਾਦ ਹੈ (ਆਵਾਜ਼) ਹੈ। ਪਰੰਤੂ ਹਰ ਇੱਕ ਨਾਦ (ਆਵਾਜ਼) ਸ਼ਰੂਤੀ ਨਹੀਂ ਹੋ ਸਕਦੀ।

ਸ਼ਰੂਤੀ ਉਹ ਧਵਨੀ ਹੈ ਜੋ ਕੰਨਾਂ ਨੂੰ ਸਪਸ਼ਟ ਸੁਣਾਈ ਦੇਵੇ,ਸੰਗੀਤ ਲਈ ਉਪਯੋਗੀ ਹੋਵੇ, ਇਕ ਦੂਜੇ ਤੋਂ ਅਲਗ ਪਹਿਚਾਨੀ ਜਾ ਸਕੇ, ਸੁਨਣ ਵਿੱਚ ਮਧੁਰ ਤੇ ਮਿੱਠੀ ਹੋਵੇ,ਉਹ ਹੀ ਸ਼ਰੂਤੀ ਹੈ।

22 ਸ਼ਰੂਤੀਆਂ ਦੇ ਨਾਂ ਹੇਠ ਲਿਖੇ ਹਨ:-

| | | | | | |
|---|---|---|---|---|---|
| 1. | ਤੀਵਰਾ | 8. | ਰੌਦੀ | 15. | ਰਕਤਾ |
| 2. | ਕੁਮੁਦਤਵੀ | 9. | ਕ੍ਰੋਧੀ | 16. | ਸੰਦੀਪਨੀ |

| | | | | |
|---|---|---|---|---|
| 3. ਮੰਦਾ | 10. | ਵਜਰਿਕਾ | 17. | ਆਲਾਪਨੀ |
| 4. ਛੰਦੋਵਤੀ | 11 | ਪ੍ਰਸਾਰਿਣੀ | 18 | ਮੰਦੱਤੀ |
| 5 ਦਯਾਵਤੀ | 12 | ਪ੍ਰੀਤੀ | 19 | ਰੋਹਿਣੀ |
| 6. ਰੰਜਨੀ | 13 | ਮਾਰਜਨੀ | 20 | ਰਮਯਾ |
| 7. ਰਕਤਿਕਾ | 14 | ਕਸ਼ਿਤੀ | 21 | ਉਗ੍ਰਾ |
| | | | 22 | ਕਸ਼ੋਮਣੀ |

ਭਾਰਤੀ ਸੰਗੀਤ ਵਿੱਚ ਗਾਉਣ ਵਜਾਉਣ ਸਮੇਂ ਇਹਨਾਂ ਬਾਈ ਸ਼ਰੁਤੀਆਂ ਦਾ ਪ੍ਰਯੋਗ ਕਰਨਾ ਕਠਿਨ ਹੈ। ਇਸ ਲਈ ਇਨ੍ਹਾਂ 22 ਸ਼ਰੁਤੀਆਂ ਵਿਚੋਂ ਅਜਿਹੀਆਂ ਸੱਤ ਸ਼ਰੁਤੀਆਂ ਨੂੰ ਚੁਣਿਆ ਗਿਆ ਜਿਹੜੀਆਂ ਆਸਾਨੀ ਨਾਲ ਗਾਈਆਂ ਵਜਾਈਆਂ ਜਾ ਸਕਣ। ਇਹਨਾਂ ਦਾ ਨਾਂ ਸਵਰ ਰਖਿਆ ਗਿਆ ਭਾਰਤੀ ਸੰਗੀਤ ਇਨ੍ਹਾਂ ਸਤ ਸਵਰਾਂ ਤੇ ਹੀ ਅਧਾਰਿਤ ਹੈ।

## 5. ਠਾਅ

ਠਾਅ ਨੂੰ ਬਰਾਬਰ ਦੀ ਲੈਅ ਵੀ ਆਖਦੇ ਹਨ। ਜਦੋਂ ਇਕ ਮਾਤਰਾ ਕਾਲ ਵਿੱਚ ਇਕ ਬੋਲ ਬੋਲਿਆ ਜਾ ਵਜਾਇਆ ਜਾਵੇ ਤਾਂ ਉਸਨੂੰ ਠਾਅ ਲੈਅਕਾਰੀ ਕਹਿੰਦੇ ਹਨ। ਤਾਲ ਵਿਚ ਲਿਖਣ ਲਈ ਇਕ ਮਾਤਰਾ ਤੇ ਇਕ ਬੋਲ ਤਾਲ ਦਾ ਲਿਖਿਆ ਜਾਂਦਾ ਹੈ ਜਿਵੇਂ

| | | | | | | | | |
|---|---|---|---|---|---|---|---|---|
| (1) | 1 | – | – | – | 2 | – | – | – |
| | ਗ | ਤ | ਤ | ਤ | ਧ | ਤ | ਤ | ਤ |

| (2) | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਠਾਅ ਲੈਅਕਾਰੀ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |

## 6. ਦੁਗਣ

ਜਦੋਂ ਇਕ ਮਾਤ੍ਰਾ ਕਾਲ ਵਿੱਚ ਦੋ ਮਾਤ੍ਰਾਵਾਂ ਬੋਲੀਆਂ ਜਾਣ ਉਸਨੂੰ ਦੁਗਣ ਕਹਿੰਦੇ ਹਨ ਜਾਂ ਜਦੋਂ ਠੈਅ ਦੀ ਲੈਅ ਦੀ ਇੱਕ ਮਾਤਰਾ ਤੇ ਦੋ ਬੋਲਾ ਨੂੰ ਬੋਲਿਆ ਜਾ ਵਜਾਇਆ ਜਾਵੇ ਉਹ ਦੁਗਣ ਅਖਵਾਉਂਦੀ ਹੈ। ਤਾਲ ਵਿੱਚ ਦੁਗਣ ਨੂੰ ਲਿਖਣ ਲਈ ਇਕ ਮਾਤਰਾ ਤੇ ਤਾਲ ਦੇ ਦੋ ਬੋਲਾ ਨੂੰ ਲਿਖਿਆ ਜਾਂਦਾ ਹੈ ਜਿਵੇਂ

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| ਠਾਅ ਲੈਅਕਾਰੀ | ਧਾ | ਗੇ | ਨਾ | ਤੀ | ਨਾ | ਕੇ | ਧਿੰ | ਨਾ |
| ਦੁਗਣ ਲੈਅਕਾਰੀ | ਧਾਗੇ | ਨਾਤੀ | ਨਾਕੇ | ਧਿੰਨਾ | ਧਾਗੇ | ਨਾਤੀ | ਨਾਕੇ | ਧਿੰਨਾ |

## 7. ਵਕਰ ਸਵਰ

ਉਹ ਸਵਰ ਜਿਸ ਨੂੰ ਰਾਗ ਵਿੱਚ ਸਿੱਧੇ ਕ੍ਰਮ ਨੂੰ ਭੰਗ ਕਰਕੇ ਉਸਦਾ ਪ੍ਰਯੋਗ ਟੇਢਾ ਕੀਤਾ ਜਾਵੇ ਉਸਨੂੰ

ਵਕਰ ਸਵਰ ਕਹਿੰਦੇ ਹਨ ਵਕਰ ਦਾ ਅਰਥ ਹੈ “ਟੇਢਾ” ਜਦੋਂ ਅਸੀਂ ਇਕ ਸਵਰ ਤੱਕ ਜਾਕੇ ਪਿੱਛੇ ਮੁੜ ਜਾਂਦੇ ਹਾਂ ਜਿਸ ਸਵਰ ਤੋਂ ਅਸੀਂ ਪਿੱਛੇ ਮੁੜਦੇ ਹਾਂ ਉਸ ਸਵਰ ਨੂੰ ਛੱਡ ਦਿੱਤਾ ਜਾਂਦਾ ਹੈ ਉਸਨੂੰ ਵਕਰ ਸਵਰ ਕਹਿੰਦੇ ਹਨ ਜਿਵੇਂ ਗ ਮ ਗ ਪ ਇਸ ਕ੍ਰਮ ਵਿੱਚ ਮ ਸਵਰ ਵਕਰ ਹੈ ਕਿਉਂਕਿ ਅਸੀਂ ਮ ਸਵਰ ਤੇ ਜਾ ਕੇ ਫਿਰ ਪਿੱਛੇ ਗ ਸਵਰ ਤੇ ਮੁੜ ਆਉਂਦੇ ਹਾਂ ਤੇ ਅੱਗੇ ਚਲਦੇ ਹੀ ਉਸ ਨੂੰ ਛੱਡ ਦਿੰਦੇ ਹਾਂ ਤੇ ਫਿਰ ਗ ਸਵਰ ਤੇ ਆ ਜਾਂਦੇ ਹਾਂ। ਕਿਉਂਕਿ ਇਥੇ ਅਸੀਂ ਗ ਮ ਗ ਸਵਰਾਂ ਨੂੰ ਵਕਰ ਪ੍ਰਯੋਗ ਕੀਤਾ ਹੈ।

## 7. ਸਰਗਮ ਗੀਤ

ਰਾਗ ਦੇ ਸਵਰਾਂ ਵਿੱਚ ਰੱਚੀ ਗਈ ਤਾਲ ਬੱਧ ਰਚਨਾ ਨੂੰ ਸਰਗਮ ਗੀਤ ਕਹਿੰਦੇ ਹਨ। ਸਰਗਮ ਵਿੱਚ ਰਾਗ ਦੇ ਸਵਰਾਂ ਨੂੰ ਨਿਯਮ ਅਨੁਸਾਰ ਸਵਰ ਅਤੇ ਤਾਲ ਦੇ ਨਾਲ ਸੁੰਦਰ ਅਤੇ ਮਧੁਰ ਢੰਗ ਨਾਲ ਗਾਇਆ ਜਾਂਦਾ ਹੈ। ਇਹ ਇਕ ਸ਼ਾਸ਼ਤਰੀ

ਗਾਇਨ ਸ਼ੈਲੀ ਹੈ। ਇਸ ਰਚਨਾ ਰਾਹੀਂ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਸਵਰ ਅਤੇ ਰਾਗ ਦੇ ਸਵਰੂਪ ਗੀਤ ਸਿਰਫ ਘੱਟ ਸਮੇਂ ਵਿੱਚ ਹੋ ਜਾਂਦਾ ਹੈ। ਸਰਗਮ ਗੀਤ ਸਿਰਫ ਸ਼ਾਸ਼ਤਰੀ ਰਾਗਾਂ ਵਿੱਚ ਨਿਬੱਧ ਹੁੰਦੇ ਹਨ ਅਤੇ ਇਹਨਾਂ ਦੇ ਨਾਲ ਮੱਧ ਲੈਅ ਦੀਆਂ ਤਾਲਾਂ ਜਿਵੇਂ ਤਿੰਨ ਤਾਲ, ਝਪਤਾਨ,ਰੂਪਕ ਤਾਲ ਆਦਿ ਤਾਲਾਂ ਵਜਾਈਆਂ ਜਾਂਦੀਆਂ ਹਨ। ਸਰਗਮ ਗੀਤ ਦੀ ਗਾਇਨ ਸ਼ੈਲੀ ਛੋਟੇ ਖਿਆਲ ਦੀ ਤਰ੍ਹਾਂ ਹੁੰਦੀ ਹੈ। ਇਸ ਵਿਚ ਪਹਿਲਾਂ ਸਥਾਈ ਫਿਰ ਅੰਤਰਾਂ ਅਤੇ ਬਾਅਦ ਵਿੱਚ ਛੋਟੀਆਂ ਛੋਟੀਆਂ ਸਰਗਮਾਂ ਦੀਆਂ ਤਾਲਾ ਗਾਈਆਂ ਜਾਂਦੀਆਂ ਹਨ। ਇਹ ਇਕ ਸਿੱਧੀ ਅਤੇ ਸਰਲ ਰਾਗ ਰਚਨਾ ਹੈ। ਵਿਦਿਆਰਥੀ ਇਸ ਨੂੰ ਬੜੀ ਜਲਦੀ ਨਾਲ ਸਮਝ ਕੇ ਗਾਉਨ ਲਗਦੇ ਹਨ।

## 8. ਸਥਾਈ

ਇਹ ਗੀਤ ਜਾਂ ਗਤ ਦਾ ਪਹਿਲਾ ਭਾਗ ਹੁੰਦਾ ਹੈ। ਗੀਤ ਜਾਂ ਗਤ ਦੇ ਪਹਿਲੇ ਪਦ ਨੂੰ ਜਾ ਭਾਗ ਨੂੰ ਸਥਾਈ ਕਹਿੰਦੇ ਹਨ। ਗਾਇਨ/ ਵਾਦਨ ਵਿਚ ਸਥਾਈ ਦਾ ਪ੍ਰਯੋਗ ਸਭ ਤੋਂ ਜਿਆਦਾ ਹੁੰਦਾ ਹੈ। ਰਾਗਾਂ ਦਾ ਅਲਾਪ/ਤਾਨ ਦੇ ਦੁਆਰਾ ਸਵਰ ਵਿਸਥਾਰ ਕਰਦਾ ਹੋਇਆ ਵਾਦਕ/ਗਾਇਨ ਬਾਰ- ਬਾਰ ਸਥਾਈ ਦੇ ਮੁਖੜੇ ਨੂੰ ਫੜ ਕੇ ਤਾਲ ਦੇ ਚੱਕਰ ਵਿੱਚ ਪਹੁੰਚ ਜਾਂਦਾ। ਸਥਾਈ ਵਿੱਚ ਮੰਦਰ,ਮੱਧ, ਸਪਤਕ ਦੇ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਇਕ ਜਾ ਦੋ, ਤਿੰਨ ਆਵਰਤਨ ਹੋ ਸਕਦੇ ਹਨ। ਰਾਗ ਦਾ ਅੰਤਰਾ ਵਜਾ ਕੇ/ਗਾ ਕੇ ਮੁੜ ਸਥਾਈ ਜਰੂਰ ਗਾਈ ਜਾ ਵਜਾਈ ਜਾਂਦੀ ਹੈ।

## 9. ਅੰਤਰਾ

ਗੀਤ ਜਾ ਗਤ ਦਾ ਦੂਸਰੇ ਭਾਗ ਨੂੰ ਅੰਤਰਾ ਕਹਿੰਦੇ ਹਨ। ਇਸ ਦਾ ਵਿਸਥਾਰ ਖੇਤਰ ਮੱਧ ਸਪਤਕ ਤੋਂ ਹੁੰਦਾ ਤਾਰ ਸਪਤਕ ਦੇ ਗੰਧਾਰ, ਮਧਯਮ ਸੁਰ ਤੱਕ ਹੁੰਦਾ ਹੈ ਅੰਤਰਾ ਹਮੇਸ਼ਾ ਮੱਧ ਸਪਤਕ ਦੇ ਸੁਰਾਂ ਅਰਥਾਤ ਗੰਧਾਰਾ (ਗ), ਮਧਯ (ਮ), ਪੰਚਮ (ਪ) ਸਵਰ ਤੋਂ ਸ਼ੁਰੂ ਕੀਤਾ ਜਾਂਦਾ ਹੈ। ਅੰਤਰੇ ਵੀ ਦੋ ਜਾ ਇਸ ਤੋਂ ਵੱਧ ਆਵਰਤਨਾਂ ਦੇ ਹੁੰਦੇ ਹਨ।

ਪਾਠ-2

# ਥਾਟ, ਥਾਟ ਦੇ ਨਿਯਮ, ਭਾਤਖੰਡੇ ਜੀ ਦੇ ਦਸ ਥਾਟ

ਥਾਟਃ-ਭਾਰਤੀ ਸੰਗੀਤ ਵੱਖ-ਵੱਖ ਸਿਧਾਤਾਂ ਦੇ ਹੇਠ ਸਮੇਂ-ਸਮੇਂ ਸਿਰ ਵਰਗੀਕਰਨ ਹੁੰਦਾ ਰਿਹਾ ਜਿਵੇਂ-ਗ੍ਰਾਮ, ਮੁਰਝਨਾ,ਜਾਤੀ, ਰਾਗ ਰਾਗਨੀ ਵਰਗੀ ਕਰਨ ਤੇ ਥਾਟ ਰਾਗ ਵਰਗੀ ਕਰਨੀ। ਸੱਤ ਸੁਰਾ ਦਾ ਉਹ ਸਮੂਹ ਜਿਸ ਵਿਚ ਰਾਗ ਉਤਪੰਨ ਕਰਨ ਦੀ ਸਕਤੀ ਹੋਵੇ ਉਸ ਨੂੰ ਸੰਗੀਤ ਦੀ ਭਾਸ਼ਾ ਵਿੱਚ ਥਾਟ ਕਹਿੰਦੇ ਹਨ। ਥਾਟ ਨੂੰ ਕਈ ਗੁਣੀਜਨ ਮੇਲ ਵੀ ਕਹਿੰਦੇ ਹਨ। ਥਾਟ ਰਾਗ ਦਾ ਸਿਧਾਂਤ ਸਭ ਤੋਂ ਪਹਿਲਾਂ ਪੰਃ ਵਿਅਕਟਮੁੱਖੀ ਜੀ ਨੇ ਕੀਤਾ ਜਿਸ ਵਿੱਚ ਉਹਨਾਂ ਨੇ ਗਣਿਤ ਦੇ ਅਧਾਰ ਤੇ ਇਹ ਸਿੱਧ ਕੀਤਾ ਕਿ ਸੰਗੀਤ ਦੇ 12 ਸੁਰਾਂ(ਸੁਧ,ਕੋਮਲ,ਤੀਵਰ) ਤੋਂ 72 ਥਾਟ ਉਤਪੰਨ ਹੋ ਸਕਦੇ ਹਨ। ਆਧੁਨਿਕ ਕਾਲ ਵਿੱਚ ਪੰਃਭਾਤਖੰਡੇ ਜੀ ਨੇ ਰਾਗ ਰਾਗਨੀ ਪੱਧਤੀ ਨੂੰ ਨਕਾਰਦੇ ਹੋਏ ਉਹਨਾਂ ਨੇ ਇਹਨਾਂ 72 ਥਾਟਾਂ ਵਿੱਚੋਂ 10 ਥਾਟ ਲੈ ਕੇ ਉੱਤਰੀ ਸੰਗੀਤ ਪੱਦਤੀ ਦੇ ਸਾਰੇ ਰਾਗਾਂ ਦਾ ਵਰਗੀਕਰਣ ਇਹਨਾਂ ਥਾਟਾਂ ਦੇ ਸਿਧਾਤ ਤੇ ਕੀਤਾ। ਭਾਤਖੰਡੇ ਜੀ ਨੇ ਇਹਨਾਂ ਥਾਟਾਂ ਦੇ ਅੰਤਰਗਤ ਆ ਕੇ ਰਾਗਾਂ ਦੇ ਨਾਂ ਤੇ ਹੀ ਇਹਨਾਂ ਥਾਟਾਂ ਦਾ ਨਾ ਰੱਖਿਆ। ਇਹਨਾਂ ਥਾਟਾਂ ਵਿਚ ਸਵਰ ਕ੍ਰਮਵਾਰ ਪ੍ਰਯੋਗ ਕੀਤੇ ਗਏ। ਕਈ ਥਾਟ ਸਵਰ ਸਮੂਹ ਦੀ ਪਹਿਚਾਣ ਹਿੱਤ ਹੀ ਬਣਾਏ ਗਏ ਹਨ ਤੇ ਕਈ ਰਾਗ ਇਸ ਸਿਧਾਂਤ ਤੇ ਖਰੇ ਤੇ ਪੂਰੇ ਵੀ ਉਤਰੇ ਹਨ ਕਿਉਂਕਿ ਜੋ ਸਵਰ ਉਸ ਰਾਗ ਵਿਚ ਵਰਤੇ ਗਏ ਸਵਰਾਂ ਦੇ ਅਧਾਰ ਤੇ ਉਹ ਇਹਨਾਂ 10 ਥਾਟਾਂ ਵਿਚੋਂ ਕਿਸੀ ਵੀ ਥਾਟ ਦੇ ਅੰਤਰਗਤ ਨਹੀਂ ਆਏ। ਕਈ ਸੰਗੀਤ ਸ਼ਾਸ਼ਤਰੀਆ ਨੇ ਉਹਨਾਂ ਦੇ ਸੁਰਾਂ ਦੇ ਲਗਾਣ ਜਾ ਵਾਦੀ-ਸੰਵਾਦੀ ਦੇ ਅਧਾਰ ਤੇ ਇਹਨਾਂ ਥਾਟਾ ਦੇ ਅੰਤਰਗਤ ਰਾਗਾ ਨੂੰ ਰੱਖਣਾ ਹੀ ਉੱਚਿਤ ਸਮਝਿਆ।

## ਥਾਟ ਦੇ ਨਿਯਮ

ਥਾਟ ਦੇ ਹੇਠ ਲਿਖੇ ਨਿਯਮ ਹਨ

(1) ਥਾਟ ਵਿੱਚ ਸੱਤ ਸਵਰਾਂ ਦਾ ਹੋਣਾ ਜਰੂਰੀ ਹੈ।

(2) ਥਾਟ ਵਿੱਚ ਸਵਰ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ ਜਿਵੇਂ ਸਾ ਤੋਂ ਬਾਅਦ ਰੈ ਤੇ ਰੇ ਤੋਂ ਬਾਅਦ ਗ ਸਵਰ ਆਣਾ ਜਰੂਰੀ ਹੈ।

(3) ਥਾਟ ਵਿੱਚ ਕੇਵਲ ਅਰੋਹ ਦਾ ਹੋਣਾ ਜਰੂਰੀ ਹੈ ਕਿਉਂਕਿ ਰਾਗ ਵਿਚ ਲਗਣ ਵਾਲੇ ਸੁਰਾ ਤੇ ਥਾਟ ਦੀ ਅਰੋਹੀ ਤੋ ਹੀ ਥਾਟ ਦਾ ਨਾਮ ਜਾਣਿਆ ਜਾ ਸਕਦਾ ਹੈ।

(4) ਥਾਟ ਦੀ ਪਹਿਚਾਣ ਲਈ ਉਸ ਵਿਚੋਂ ਉਤਪੰਨ ਹੋਏ ਕਿੰਨੇ ਰਾਗ ਦਾ ਨਾ ਦਿੱਤਾ ਜਾਂਦਾ ਹੈ ਜਿਵੇਂ ਬਿਲਾਵਲ ਰਾਗ ਬਿਲਾਵਲ ਥਾਟ ਤੋਂ ਉਤਪੰਨ ਹੋਇਆ ਹੈ। ਇਸ ਲਈ ਉਸ ਥਾਟ ਦਾ ਨਾਂ ਬਿਲਾਵਲ ਥਾਟ ਰੱਖ ਦਿੱਤਾ ਗਿਆ।

(5) ਥਾਟ ਗਾਏ- ਵਜਾਏ ਨਹੀਂ ਜਾਂਦੇ ਇਸ ਲਈ ਇਸ ਵਿਚ ਰੰਜਕਤਾ ਦਾ ਹੋਣਾ ਜਰੂਰੀ ਨਹੀਂ।

(6) ਇਕ ਥਾਟ ਤੋਂ ਕਈ ਰਾਗ ਉਤਪੰਨ ਕੀਤੇ ਜਾ ਸਕਦੇ ਹਨ।

(7) ਥਾਟ ਤੋਂ ਰਾਗ ਦੀ ਉਤਪੱਤੀ ਕੀਤੀ ਜਾਂਦੀ ਹੈ।

(8) ਥਾਟ ਵਿੱਚ ਸਵਰਾਂ ਦੇ ਰੂਪ ਕੋਮਲ ਅਤੇ ਤੀਵਰ ਕ੍ਰਮਵਾਰ ਆ ਸਕਦੇ ਹਨ।

**ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੇ ਦੱਸ ਥਾਟ ਹੇਠ ਲਿਖੇ ਹਨ**

1 **ਬਿਲਾਵਲ ਥਾਟ:** ਇਸ ਥਾਟ ਵਿੱਚ ਸਾਰੇ ਸੁਰ ਸ਼ੁਧ ਲੱਗਦੇ ਹਨ। ਜਿਵੇਂ ਸਾ ਰੇ ਗ ਮ ਪ ਧ ਨੀ। ਇਸ ਥਾਟ ਨੂੰ ਸ਼ੁਧ ਥਾਟ ਮੰਨਿਆ ਗਿਆ ਹੈ। ਇਸ ਥਾਟ ਦੇ ਅੰਤਰਗਤ ਰਾਗ ਬਿਲਾਵਲ, ਬਿਹਾਗ ਦੇਸ਼ਕਾਰ ਆਉਂਦੇ ਹਨ। ਇਸ ਦੇ ਰਾਗ ਤੇ ਹੀ ਇਸ ਦੇ ਥਾਟ ਦਾ ਨਾ ਬਿਲਾਵਲ ਪਿਆ।

2. ਇਸ ਥਾਟ ਵਿਚ ਮ (ਮਧਯਮ) ਸਵਰ ਤੀਵਰ ਲਗਦਾ ਹੈ ਭਾਵ ਸ਼ਧ ਮ ਅਤੇ ਪ ਦੇ ਵਿਚਕਾਰ ਉੱਚਾ ਸਵਰ ਤੀਵਰ ਮ ਹੈ। ਜਿਵੇਂ ਸਾ ਰੇ ਗ ਮੇ ਪ ਧ ਨੀ। ਇਸ ਥਾਟ ਵਿਚ ਮ ਸਵਰ ਤੀਵਰ ਤੇ ਬਾਕੀ ਸੁਰ ਸ਼ੁਧ ਲਗਦੇ ਹਨ। ਇਸ ਥਾਟ ਦੇ ਮੁੱਖ ਰਾਗ ਹਨ ਯਮਨ, ਸ਼ੁਧ ਕਲਿਆਣ,ਭੁਪਾਲੀ।

3 **ਖਮਾਜ** : ਇਸ ਥਾਟ ਵਿੱਚ ਕੋਮਲ ਨੀ ਤੇ ਬਾਕੀ ਸਵਰ ਸ਼ੁਧ ਲਗਦੇ ਹਨ ਜਿਵੇਂ ਸਾ ਰੇ ਗ ਮ ਪ ਨੁੀ। ਇਸ ਥਾਟ ਦੇ ਪ੍ਰਸਿੱਧ ਰਾਗ ਹਨ ਖਮਾਜ, ਦੇਸ, ਤਿਲਕ ਕਮੋਦ।

4 **ਥਾਟ ਕਾਫੀ:** ਇਸ ਥਾਟ ਵਿੱਚ ਗ ਤੇ ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁਧ ਲਗਦੇ

ਹਨ ਜਿਵੇਂ ਸਾ ਰੇ ਗੁ ਮ ਪ ਧ ਨੁੀ। ਇਸ ਥਾਟ ਦੇ ਅੰਤਰਗਤ ਰਾਗ ਹਨ ਕਾਫੀ, ਭੀਮਪਲਰਸੀ, ਵਰਿੰਦਾਬਨੀ ਸਾਰੰਗ,ਬਾਗੰਸਵਰੀ।

5. **ਥਾਟ ਭੈਰਵ**: ਇਸ ਥਾਟ ਵਿੱਚ ਰੇ, ਧ ਸਵਰ ਕੋਮਲ ਤੇ ਬਾਕੀ ਸੁਰ ਸ਼ੁਧ ਲੱਗਦੇ ਹਨ ਜਿਵੇਂ ਸਾ ਰੁੇ ਗ ਮ ਧ ਧੁ ਨੀ। ਇਸ ਦੇ ਅੰਤਰਗਤ ਭੈਰਵ, ਰਾਮਕਲੀ, ਹਨ।

6. **ਥਾਟ ਪੁਰਵੀ** : ਇਸ ਥਾਟ ਵਿੱਚ ਰੇ, ਧ ਸਵਰ ਕੋਮਲ ਮ ਸਵਰ ਤੀਵਰ ਲਗਦੇ ਹਨ ਜਿਵੇਂ ਸਾ ਰੁੇ ਗ ਮੇ ਪ ਧੁ ਨੀ। ਇਸ ਥਾਟ ਦੇ ਅੰਤਰਗਤ ਲਲਿਤ, ਪੂਰੀਆ, ਪੁਰਵੀ ਆਦਿ ਰਾਗ ਹਨ।

7. **ਥਾਟ ਮਾਰਵਾ**: ਇਸ ਥਾਟ ਵਿਚੇ ਰ ਸੁਰ ਕੋਮਲ ਮ ਸਵਰ ਲਗਦਾ ਹੈ ਜਿਵੇਂ ਸਾ ਰੁੇ ਗ ਮੇ ਪ ਧ ਨੀ ਇਸ ਥਾਟ ਦੇ ਅੰਤਰਗਤ ਸੋਹਣੀ, ਮਾਰਵਾ, ਰਾਗ ਆਉਂਦੇ ਹਨ।

8. **ਥਾਟ ਆਸਾਵਰੀ**: ਇਸ ਥਾਟ ਵਿੱਚ ਗ, ਧ, ਨੀ ਸਵਰ ਕੋਮਲ ਤੇ ਬਾਕੀ ਸੁਰ ਸ਼ੁਧ ਲੱਗਦੇ ਹਨ। ਇਸ ਥਾਟ ਦੇ ਅੰਤਰਗਤ ਦਰਬਾਰੀ, ਆੜਾਨਾ, ਆਸਾਵਰੀ,ਜੋਧਪੁਰੀ ਰਾਗ ਆਉਂਦੇ ਹਨ।

9. **ਥਾਟ ਭੈਰਵੀ**: ਇਸ ਥਾਟ ਵਿੱਚ ਰੇ, ਗ,ਧ, ਨੀ ਸੁਰ ਕੋਮਲ ਤੇ ਬਾਕੀ ਸੁਰ ਸ਼ੁਧ ਲੱਗਦੇ ਹਨ। ਇਸ ਥਾਟ ਦੇ ਅੰਤਰਗਤ ਭੈਰਵੀ, ਮਾਲਕੌਂਸ ਰਾਗ ਆਉਂਦੇ ਹਨ।

10 **ਥਾਟ ਤੋੜੀ ਜਾ ਟੋਡੀ**:- ਇਹ ਥਾਟ ਵਿੱਚ ਰੇ, ਗ,ਧ, ਨੀ ਸਵਰ ਕੋਮਲ ਤੇ ਮ ਸਵਰ ਤੀਵਰ ਲਗਦਾ ਹੈ ਜਿਵੇਂ ਸਾ ਰੁੇ ਗੁ ਮੇ ਪ ਧੁ ਨੁੀ। ਇਸ ਥਾਟ ਦੇ ਅੰਤਰਗਤ ਤੋੜੀ, ਗੁਜਰੀ ਤੋੜੀ , ਮੁਲਤਾਨੀ ਰਾਗ ਆਉਂਦੇ ਹਨ।

ਪਾਠ- 3

# ਖਿਆਲ, ਛੋਟਾ ਖਿਆਲ, ਵੱਡਾ ਖਿਆਲ

## ਖ਼ਿਆਲ

ਸ਼ਾਸਤਰੀ ਸੰਗੀਤ ਜਗਤ ਵਿੱਚ ਖ਼ਿਆਲ ਗਾਇਨ ਸ਼ੈਲੀ ਨੂੰ ਆਧੁਨਿਕ ਸਮੇਂ ਦੀ ਸਭ ਤੋਂ ਵੱਧ ਲੋਕਪ੍ਰਿਅ ਸ਼ੈਲੀ ਮੰਨਿਆ ਜਾਂਦਾ ਹੈ ਖ਼ਿਆਲ ਸ਼ਬਦ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਵਿਚਾਰ, ਕਲਪਨਾ ਇਸ ਗਾਇਨ ਸ਼ੈਲੀ ਵਿੱਚ ਕਲਪਨਾ ਜਾਂ ਖ਼ਿਆਲ ਦਾ ਜ਼ਿਆਦਾ ਮਹੱਪਵ ਹੁੰਦਾ ਹੈ ਖ਼ਿਆਲ ਗਾਉਂਦੇ ਸਮੇਂ ਗਾਇਕ ਕਲਾਕਾਰ ਗਾਏ ਜਾਣ ਵਾਲੇ ਰਾਗ ਦੀ ਪ੍ਰਕਿਰਤੀ ਦੇ ਅਨੁਸਾਰ ਰਾਗ ਵਿੱਚ ਲੱਗਣ ਵਾਲੇ ਸਵਰਾਂ ਨੂੰ ਰਾਗ ਦੇ ਨਿਯਮ ਅਨੁਸਾਰ ਉਸ ਵਿੱਚ ਆਲਾਪ, ਤਾਨ, ਬੋਲਤਾਨ ਅਤੇ ਭਿੰਨ-ਭਿੰਨ ਅਲੰਕਾਰਾਂ ਰਾਹੀਂ ਆਪਣੀ ਬੰਦਿਸ਼ ਨੂੰ ਸਜਾਉਂਦਾ ਹੈ।

ਸਧਾਰਣ ਸ਼ਬਦਾ ਵਿੱਚ ਕਿਹਾ ਜਾ ਸਕਦਾ ਹੈ ਉਹ ਸਵਰ ਸਮੂਹ ਜਿਸ ਵਿੱਚ ਗਾਇਕ ਆਪਣੀ ਕਲਪਨਾ ਸ਼ਕਤੀ ਨਾਲ ਕੁਝ ਸਵਰਾਂ ਬੋਲਾਂ ਨੂੰ ਲੈ ਕੇ ਉਸ ਵਿੱਚ ਆਲਾਪ ਤਾਨ, ਬੋਲਤਾਨ ਭਿੰਨ- ਭਿੰਨ ਲੈਅਕਾਰੀਆਂ ਦਿਖਾਏ ਉਸ ਨੂੰ ਖ਼ਿਆਲ ਕਹਿੰਦੇ ਹਨ।

ਮੰਨਿਆਂ ਜਾਂਦਾ ਹੈ ਕਿ ਖ਼ਿਆਲ ਸ਼ੈਲੀ ਦਾ ਵਿਕਾਸ ਧਰੁਪਦ, ਧਮਾਰ ਸ਼ੈਲੀ ਤੋਂ ਬਾਦ ਵਿੱਚ ਹੋਇਆ।

ਖ਼ਿਆਲ ਸ਼ੈਲੀ ਦੇ ਅਵਿਸ਼ਕਾਰ ਬਾਰੇ ਵਿਦਵਾਨਾਂ ਦੇ ਭਿੰਨ-ਭਿੰਨ ਮੱਤ ਹਨ।

15 ਵੀਂ ਸਦੀ ਵਿੱਚ ਖ਼ਿਆਲ ਦਾ ਅਵਿਸ਼ਕਾਰ ਜੌਨਪੁਰ ਦੇ ਸੁਲਤਾਨ ਹੁਸੈਨ ਸ਼ਰਕੀ ਨੇ ਕੀਤਾ। ਪਰ ਕੁਝ ਲੇਖਕ ਇਸਦਾ ਸਿਹਰਾ ਅਮੀਰ ਖੁਸਰੋ ਨੂੰ ਵੀ ਦਿੰਦੇ ਹਨ।

ਖ਼ਿਆਲ ਸ਼ੈਲੀ ਨੂੰ ਵਿਕਾਸ ਵਿੱਚ,18 ਵੀ ਸਦੀ ਦੇ ਸੁਲਤਾਨ ਮੋਹਮੰਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਨਿਆਮਤ ਖਾਂ(ਸਦਾਰੰਗ) ਨੌਬਤਖਾਂ (ਅਦਾਰੰਗ) ਨੇ ਲਿਆਉਂਦਾ ਹੈ।

ਖ਼ਿਆਲ  ਦੋ ਪ੍ਰਕਾਰ ਦੇ ਹੁੰਦੇ ਹਨਃ-

1. ਵਿਲੰਬਿਤ ਖਿਆਲ ਜਾਂ ਵੱਡਾ ਖਿਆਲ

2. ਦਰੁਤ ਖਿਆਲ ਜਾਂ ਛੋਟਾ ਖਿਆਲ

**1. ਵਿਲੰਬਿਤ ਖਿਆਲ ਜਾਂ ਵੱਡਾ ਖਿਆਲ**: ਇਸ ਗਾਇਨ ਦਾ ਅਵਿਸ਼ਕਾਰ ਹੁਸੈਨ ਸ਼ਰਕੀ ਨੂੰ ਮੰਨਿਆ ਜਾਂਦਾ ਹੈ। ਮੁਗਲ ਕਾਲ ਦੇ ਅੰਤਿਮ ਬਾਦਸ਼ਾਹ ਮੁਹਮੰਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਸਦਾਰੰਗ ਅਤੇ ਅਦਾਰੰਗ ਨੇ ਹਜ਼ਾਰਾਂ ਖਿਆਲ ਅਨੇਕ ਰਾਗਾਂ ਵਿੱਚ ਬਣਾਏ ਅਤੇ ਆਪਣੇ ਚੇਲਿਆਂ ਨੂੰ ਸਿਖਾਏ।

ਬੜੇ ਖਿਆਲ ਦਾ ਗਾਇਨ ਵਿਲੰਬਿਤ ਲੈਅ ਵਿੱਚ ਹੁੰਦਾ ਹੈ। ਇਸਦੇ ਦੋ ਭਾਗ ਹੁੰਦੇ ਹਨ, ਸਥਾਈ ਅਤੇ ਅੰਤਰਾ। ਇਸ ਦੀ ਪ੍ਰਕਿਰਤੀ ਗੰਭੀਰ ਹੁੰਦੀ ਹੈ। ਇਸ ਵਿਚ ਮੁਰਕੀ, ਤਾਨ, ਪਲੇਟ ਆਦਿ ਦਾ ਪ੍ਰਯੋਗ ਕਰਦੇ ਇਸਦੀ ਸੁੰਦਰਤਾ ਵਿਚ ਵਾਧਾ ਕੀਤਾ ਜਾਂਦਾ ਹੈ। ਇਸ ਵਿਚ ਪਹਿਲਾਂ ਬਰਾਬਰ ਦੀ ਤਾਨ ਲੈਣ ਤੋਂ ਬਾਅਦ ਦੁਗੁਨ ਚੌਗੁਨ ਦੀਆਂ ਤਾਨਾਂ ਲਈਆਂ ਜਾਂਦੀਆਂ ਹਨ। ਵਿਲੰਬਿਤ ਖ਼ਿਆਲ ਨਾਲ ਇਕ ਤਾਲ ਝੂਮਰਾ ਤਿਲਵਾੜਾ, ਆੜਾ-ਚਾਰ ਤਾਲ ਅਤੇ ਧੀਮਾ ਤਿੰਨ ਤਾਲ ਆਦਿ ਤਾਲਾਂ ਦਾ ਪ੍ਰਯੋਗ ਹੁੰਦਾ ਹੈ।

**2. ਦਰੁੱਤ ਖਿਆਲ ਜਾਂ ਛੋਟਾ ਖਿਆਲ**: ਮੰਨਿਆਂ ਜਾਂਦਾ ਹੈ ਕਿ ਇਸ ਦੀ ਰਚਨਾ ਅਮੀਰ ਖੁਸਰੋ ਨੇ ਕੀਤੀ ਹੈ।

ਦਰੁਤ ਖਿਆਲ ਦੇ ਵੀ ਦੋ ਭਾਗ ਹਨ ਸਥਾਈ ਅਤੇ ਅੰਤਰਾਂ । ਇਸ ਦੀ ਪ੍ਰਕਿਰਤੀ ਚੰਚਲ ਹੁੰਦੀ ਹੈ। ਬੋਲਤਾਨਾਂ, ਅਲਾਪ ਤਾਨ ਖਟਕਾ, ਮੁਰਕੀ ਅਤੇ ਅੰਲਕਾਰਾਂ ਆਦਿ ਦਾ ਪ੍ਰਯੋਗ ਹੁੰਦਾ ਹੈ। ਦਰੁੱਤ ਖਿਆਲ ਦੀ ਲੈਅ ਮੱਧ ਜਾਂ ਦਰੁਤ ਹੁੰਦੀ ਹੈ। ਇਸ ਨਾਲ ਇਕ ਤਾਲ, ਤੀਨਤਾਲ, ਝਪਤਾਲ ਅਤੇ ਰੂਪਕ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਖਿਆਲ ਗਾਇਨ ਵਿੱਚ ਆਲਾਪ ਕਰਨ ਤੋਂ ਬਾਅਦ ਬੜਾ ਖਿਆਲ ਫਿਰ ਛੋਟਾ ਖਿਆਲ ਗਾਇਆ ਜਾਂਦਾ ਹੈ।

ਦੇਸ਼ ਦੇ ਕੁਝ ਮੰਨੇ-ਪਰਮੰਨੇ(ਪ੍ਰਸਿੱਧ) ਖਿਆਲ ਗਾਇਕ ਦੇ ਨਾਂ ਇਸ ਤਰ੍ਹਾਂ ਹਨਃ- ਉਸਤਾਦ ਫੈਆਜ਼ ਖਾਂ, ਪੰਡਿਤ ਦਲੀਪ ਚੰਦਰ ਬੇਦੀ, ਪੰ ਔਂਕਾਰ ਨਾਥ ਠਾਕੁਰ, ਭੀਮਸੇਨ ਜੋਸ਼ੀ, ਬੜੇ ਗੁਲਾਮ ਅਲੀ ਖਾਂ ਆਦਿ।

ਪਾਠ–4

# ਤਾਨਪੁਰਾ- ਇਤਿਹਾਸ, ਅੰਗ ਵਰਣਨ

## ਤਾਨਪੁਰਾ

ਭਾਰਤੀ ਸ਼ਾਸ਼ਤਰੀ ਸੰਗੀਤ ਗਾਇਨ ਵਾਦਨ ਅਤੇ ਨ੍ਰਿਤ ਤੇ ਅਧਾਰਿਤ ਹੈ। ਭਾਰਤੀ ਸ਼ਾਸ਼ਤਰੀ ਸੰਗੀਤ ਖਾਸ ਕਰ ਗਾਇਨ ਵਿੱਚ ਤਾਨਪੁਰੇ ਦਾ ਬਹੁਤ ਮਹਤੱਵਪੂਰਣ ਸਥਾਨ ਮੰਨਿਆਂ ਜਾਂਦਾ ਹੈ। ਸਵਰ–ਸੰਗੀਤ ਦੇਣ ਲਈ ਗਾਇਨ ਵਿੱਚ ਇਸਦੀ ਸੰਗਤ ਕੀਤੀ ਜਾਂਦੀ ਹੈ। ਲਗਾਤਾਰ ਸਵਰ–ਸੰਗੀਤ ਦੇਣ ਲਈ ਇਸ ਤੇ ਤੀ –ਵਾਦਅ (ਸਾਜ਼) ਤੋਂ ਕੋਈ ਹੋਰ ਮਹਤੱਵ–ਪੂਰਣ ਵਾਦਅ ਨਹੀਂ ਮੰਨਿਆ ਜਾਂਦਾ। ਇਸ ਦਾ ਸਵਰ ਬਹੁਤ ਹੀ ਮਧੁਰ (ਮਿੱਠਾ) ਹੋਣ ਕਾਰਣ ਗਾਇਨ ਲਈ ਅਨੁਕੂਲ ਵਾਤਾਵਰਣ ਬਣਾਉਣ ਵਿੱਚ ਸਹਾਇਕ ਹੁੰਦਾ ਹੈ, ਇਸ ਦੀ ਝੰਕਾਰ ਸੁਣਦੇ ਹੀ ਗਾਇਕ, ਆਪਣੇ ਆਪ ਗਾਉਣ ਲਈ ਮਚੱਲ ਜਾਂਦਾ ਹੈ। ਤਾਨਪੁਰੇ ਤੋਂ ਆਧਾਰ ਸਵਰ ਪ੍ਰਾਪਤ ਹੁੰਦਾ ਹੈ ਜਿਸ ਤੋਂ ਗਾਇਕ ਅਸਾਨੀ ਨਾਲ ਰਾਗ ਦਾ ਵਿਸਤਾਰ ਕਰ ਸਕਦਾ ਹੈ।

ਉੱਤਰੀ ਭਾਰਤੀ ਸੰਗੀਤ ਅਤੇ ਦੱਖਣੀ ਭਾਰਤੀ ਸੰਗੀਤ ਖੇਤਰਾਂ ਵਿੱਚ ਇਸਦਾ ਮਹੱਤਵ –ਪੂਰਣ ਸਥਾਨ ਹੈ।

ਤਾਨਪੁਰੇ ਦੇ ਅਵਿਸ਼ਕਾਰ ਬਾਰੇ ਮਤਭੇਦ ਪ੍ਰਾਚੀਨ ਕਾਲ 'ਚ ਗਾਇਨ ਦੀ ਸੰਗੀਤ ਦੇਣ ਲਈ ਇੱਕ ਤੰਤੀ, ਦੁਈਂ–ਤੰਤੀ ਵੀਣਾਵਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਮੰਨਿਆ ਜਾਂਦਾ ਹੈ ਕਿ ਉਸ ਤੋਂ ਬਾਦ ਹੀ ਚਾਰ ਤਾਰਾਂ ਵਾਲੇ ਤਾਨਪੁਰੇ ਦਾ ਪ੍ਰਚਾਰ ਹੋਇਆ। ਇਹ ਵੀ ਮੰਨਿਆ ਜਾਂਦਾ ਹੈ ਕਿ ਤੁੰਬਰੂ ਨਾਂ ਦੇ ਗੰਧਰਵ ਨੇ ਇਸ ਦਾ ਅਵਿਸ਼ਕਾਰ ਕੀਤਾ। ਇਸੇ ਲਈ ਇਸ ਨੂੰ ਤੰਬੂਰਾ ਜਾਂ ਤਾਨਪੁਰਾ ਕਿਹਾ ਜਾਂਦਾ ਹੈ।

**ਅੰਗ ਵਰਣਨ:-**

1 **ਤੁੰਬਾ:** ਤਾਨਪੁਰੇ ਦੇ ਹੇਠਲੇ ਵਾਲੇ ਗੋਲਾਕਾਰ ਭਾਗ ਨੂੰ ਤੁੰਬਾ ਕਹਿੰਦੇ ਹਾਂ। ਇਹ ਸੁੱਕੀ ਲੌਕੀ ਦੇ ਗੋਲਾਕਾਰ ਭਾਗ ਦਾ ਬਣਿਆ ਹੁੰਦਾ ਹੈ। ਇਹ ਵਿਚੋਂ ਖੋਖਲਾ ਹੋਣ ਕਾਰਨ ਇਸਦੇ ਸਵਰ ਗੂੰਜਦੇ ਹਨ।

2 **ਤਬਲੀ:** ਤੁੰਬੇ ਦੇ ਉਪਰ ਦਾ ਭਾਗ ਜੋ ਤੁੰਬੇ ਦੇ ਢੱਕਨ ਦਾ ਕੰਮ ਕਰਦਾ ਹੈ, ਤਬਲੀ ਕਹਲਾਉਂਦਾ ਹੈ। ਇਹ ਲਕੜੀ ਦਾ ਬਣਿਆ ਹੁੰਦਾ ਹੈ।

3. ਘੁਰਚ ਜਾਂ ਘੋੜੀ (ਨਗਜਦਪਕ) ਲਕੜੀ ਜਾਂ ਹਾਥੀ ਦੰਦ ਦੀ ਬਣੀ ਇਕ ਚੌਕੀ ਦੀ ਤਰ੍ਹਾਂ ਦੀ ਹੁੰਦੀ ਹੈ ਜਿਹੜੀ ਤਬਲੀ ਤੇ ਟਿੱਕੀ ਹੁੰਦੀ ਹੈ। ਘੁਰਚ (ਘੁੜਚ) ਦੇ ਉੱਪਰ ਤਾਨਪੁਰੇ ਦੀਆਂ ਚਾਰੇ ਤਾਰਾਂ ਟਿਕਾਈਆ ਹੁੰਦੀਆਂ ਹਨ। ਇਸ ਦੀ ਉਪਰਲੀ ਸਤਿਹ ਜਵਾਰੀ ਕਹਲਾਉਂਦੀ ਹੈ।

4. **ਡਾਂਡ**: ਤੁੰਬੇ ਅਤੇ ਤਬਲੀ ਨਾਲ ਜੁੜਿਆ ਹੋਇਆਾ ਇੱਕ ਖੋਖਲਾ ਲੰਬਾ ਅਤੇ ਗੋਲ ਲਕੜੀ ਦਾ ਟੁਕੜਾ ਹੁੰਦਾ ਹੈ, ਜਿਸ ਨੂੰ ਡਾਂਡ ਕਹਿੰਦੇ ਹਨ।

5. **ਸਿਰਾ**: ਤਾਨਪੁਰੇ ਦੇ ਡਾਂਡ ਦਾ ਉਪਰ ਵਾਲਾ ਭਾਗ ਸਿਰਾ ਕਹਲਾਉਂਦਾ ਹੈ। ਇਹ ਭਾਗ ਤਾਰਦਾਨ ਦੇ ਪਿੱਛ ਹੁੰਦਾ ਹੈ। ਜਿਸ ਵਿੱਚ ਤਾਨਪੁਰੇ ਦੀਆਂ ਚਾਰ ਖੂੰਟੀਆਂ ਹੁੰਦੀਆਂ ਹਨ।

6. **ਗੁਲੂ**: ਤੁੰਬਾ ਅਤੇ ਡਾਂਡ ਜਿਸ ਜਗ੍ਹਾਂ ਤੇ ਆਪਸ ਵਿੱਚ ਜੋੜੇ ਜਾਂਦੇ ਹਨ। ਉਸ ਨੂੰ ਗੁਲੂ ਕਿਹਾ ਜਾਂਦਾ ਹੈ।

7. **ਲੰਗੋਟ**: ਡਾਂਡ ਤੇ ਤਣੇ ਹੋਏ ਤਾਰ, ਘੁਰਚ ਤੋਂ ਲੈ ਜਾ ਕੇ ਜਿਸ ਜਗ੍ਹਾ ਤੇ ਬੰਨੇ ਜਾਂਦੇ ਹਨ। ਉਸਨੂੰ ਲੰਗੋਟ ਕਿਹਾ ਜਾਂਦਾ ਹੈ। ਇਸ ਨੂੰ ਕੀਲ ਜਾਂ ਮੋਂਗਰਾ ਵੀ ਕਹਿੰਦੇ ਹਨ।

8. **ਤਾਰਦਾਨ**: ਇਹ ਡਾਂਡ ਦੇ ਉਪਰ ਵਲ ਲਗਾਇਆ ਜਾਂਦਾ ਹੈ। ਇਹ ਸੁਰਾਖਾਂ ਵਾਲੀ ਛੋਟੀ ਜਹੀ ਪੱਟੀ ਹੁੰਦੀ ਹੈ। ਇਹ ਨਾਂ ਸੁਰਾਖਾਂ ਵਿਚੋਂ ਤਾਰ ਲੰਘਦੇ ਹਨ। ਇਸ ਨੂੰ ਤਾਰ ਰਹਿਨ ਵੀ ਕਿਹਾ ਜਾਂਦਾ ਹੈ।

9. **ਅੱਟੀ**: ਤਾਰਦਾਨ ਤੋਂ ਪਹਿਲਾਂ ਵੀ ਇੱਕ ਛੋਟੀ ਪੱਟੀ ਹੁੰਦੀ ਹੈ। ਤਾਰ ਇਸ ਤੋਂ ਉਪਰ ਤੋਂ ਹੋ ਕੇ ਲੰਘਦੇ ਹੋਏ ਤਾਰਦਾਨ ਵਿੱਚ ਜਾਂਦੇ ਹਨ। ਇਸ ਪੱਟੀ ਨੂੰ ਅੱਟੀ ਕਿਹਾ ਜਾਂਦਾ ਹੈ। ਇਸ ਨੂੰ ਅਟਕ ਵੀ ਕਹਿੰਦੇ ਹਨ।

10. **ਖੂੰਟੀਆਂ**: ਡਾਂਡ ਦੇ 'ਸਿਰੇ' ਭਾਗ ਦੇ ਉਪਰ ਲਕੜੀ ਦੀਆਂ ਚਾਰ ਦੇ ਚਾਰੋਂ ਤਾਰ ਬੰਨ੍ਹੇ ਹੁੰਦੇ ਹਨ। ਇਸ ਨੂੰ ਖੂੰਟੀਆਂ ਕਹਿੰਦੇ ਹਨ। ਖੂੰਟੀਆਂ ਤਾਰਪੁਰੇ ਦੀਆਂ ਤਾਰਾਂ ਨੂੰ ਢਿੱਲਾਂ ਜਾਂ ਕਸ ਕੇ ਸੁਰ ਵਿੱਚ ਮਿਲਾਉਣ ਦੇ ਕੰਮ ਆਉਂਦੀਆਂ ਹਨ।

11. **ਮਣਕਾ**: ਘੁੜੱਚ ਅਤੇ ਕੀਲ ਦੇ ਵਿੱਚ ਤਾਰਾਂ ਵਿੱਚ ਅਲਗ- ਅਲਗ ਮੋਤੀ ਪਿਰੋਏ ਜਾਂਦੇ ਹਨ ਇਹਨਾਂ ਨੂੰ ਮਣਕਾ ਕਹਿੰਦੇ ਹਨ। ਸਵਰਾਂ ਦੇ ਥੋੜੇ ਬਹੁਤ ਬੇਸੁਰੇਪਨ ਨੂੰ ਠੀਕ ਕਰਦੇ ਹਨ। ਇਹ ਗੋਲ, ਚਪਟੇ ਮੋਰ ਆਦਿ ਦੀ ਸ਼ਕਲ ਦੇ ਅਤੇ ਹਾਥੀ ਦੰਦ ਲਕੜੀਆਂ ਕੰਚ ਆਦਿ ਦੇ ਬਣੇ ਹੁੰਦੇ ਹਨ।

12. **ਜਵਾਰੀ:** ਘੁੜਚ ਦੇ ਉਪਰਲੇ ਸਥਾਨ ਨੂੰ ਜਵਾਰੀ ਕਹਿੰਦੇ ਹਨ। ਜਿਸ ਨੂੰ ਛੂਹ ਕੇ ਤਾਰਾਂ ਖੂੰਟੀਆਂ ਵਲ ਜਾਂਦੀਆਂ ਹਨ।

13 **ਸੂਤ ਜਾਂ ਧਾਗਾ:** ਘੁੜਚ ਜਾਂ ਘੁਰਚ ਦੇ ਉਪਰ ਜਿਥੇ ਤਾਰਾਂ ਹੁੰਦੀਆਂ ਹਨ ਉਥੇ ਧਾਗੇ ਦੀ ਤੰਦ ਚਲਾਈ ਜਾਂਦੀ ਹੈ। ਤਾਨਪੁਰੇ ਦੀ ਜਵਾਰੀ ਨੂੰ ਠੀਕ ਢੰਗ ਨਾਲ ਪ੍ਰਯੋਗ ਕਰਨ ਲਈ ਧਾਗਾ ਵਰਤਿਆ ਜਾਂਦਾ ਹੈ। ਧਾਗੇ ਦੇ ਠੀਕ ਸਥਾਨ ਤੇ ਰੱਖੇ ਜਾਣ ਤੇ ਤਾਨਪੁਰੇ ਦੀ ਝੰਕਾਰ ਨਿਕਲਦੀ ਹੈ ਅਤੇ ਧਵਨੀ ਵਿੱਚ ਨਿਖਾਰ ਪੈਦਾ ਹੁੰਦਾ ਹੈ ਜਿਸ ਨੂੰ ਕਿਹਾ ਜਾਂਦਾ ਹੈ ਕਿ  ਤਾਨਪੁਰੇ ਦੀ ਜਵਾਰੀ ਖੁੱਲੀ ਹੈ। ਇਹ ਹੀ ਧਾਗਾ ਸੂਤ ਕਹਿਲਾਉਂਦਾ ਹੈ।

14. ਤਾਨਪੁਰੇ ਵਿੱਚ ਚਾਰ ਤਾਰਾਂ ਹੁੰਦੀਆਂ ਹਨ। ਇਹ ਤਾਰਾਂ ਤੁੰਬੇ ਦੇ ਸਿਰੇ ਤੇ ਕੀਲ ਜਾਂ ਲੰਗੋਟ ਨਾਲ ਬੰਨੀਆਂ ਹੁੰਦੀਆਂ ਹਨ ਅਤੇ ਤੁੰਬੇ ਦੇ ਉਪਰ ਰੱਖੇ ਘੁਰੱਚ ਉਪਰੋਂ ਦੀ ਹੁੰਦੀਆਂ ਹੋਈਆਂ ਅੱਟੀ ਤੇ ਟਿਕਦੀਆਂ ਹਨ। ਫਿਰ ਤਾਰਗਹਿਨ ਵਿੱਚੋਂ ਪਰੋ ਕੇ ਸਿਰੇ ਉਪਰ ਲੱਗੀਆਂ ਖੂੰਟੀਆਂਾ ਨਾਲ ਕੱਸੀਆਂ ਜਾਂਦੀਆਂ ਹਨ।

ਅੱਜ-ਕੱਲ ਤਾਨਪੁਰੇ ਵਿੱਚ ਕਿਧਰੇ- ਕਿਧਰੇ ਪੰਜ ਜਾਂ ਛੇ ਤਾਰਾਂ ਵਾਲੇ ਤਾਨਪੁਰੇ ਦਾ ਚਲਨ ਵੇਖਣ ਵਿੱਚ ਆਇਆ ਹੈ।

**ਤਾਨਪੁਰੇ ਦੇ ਤਾਰਾਂ ਨੂੰ ਮਿਲਾਉਣਾ:-**

ਤਾਨਪੁਰੇ ਦੇ ਚਾਰ ਤਾਰ ਹੁੰਦੇ ਹਨ। ਇਸ ਦਾ ਪਹਿਲਾ ਤਾਰ ਲੋਹੇ ਦਾ ਹੁੰਦਾ ਹੈ, ਮੰਦਰ ਸਪਤਕ ਦੇ ਪੰਚਮ ਨਾਲ ਮਿਲਾਉਂਦੇ ਹਨ। ਜਿਨ੍ਹਾਂ ਰਾਗਾਂ ਵਿੱਚ 'ਪ' (ਪੰਚਮ) ਵਰਜਿਤ ਹੈ ਤਾ ਮੰਦਰ ਸਪਤਕ ਦੇ ਸ਼ੁਧ ਮੱਧਮ ਨਾਲ ਮਿਲਾਂਦੇ ਹਨ। ਪਰ ਕੁਝ ਰਾਗਾਂ ਵਿੱਚ ਨਾਂ ਪੰਚਮ ਅਤੇ ਨਾਂ ਹੀ ਸ਼ੁਧ ਮੱਧਮ ਪ੍ਰਯੋਗ ਵਿੱਚ ਆਉਂਦੇ ਹਨ। ਉਨ੍ਹਾਂ ਵਿੱਚ ਮੰਦਰ ਸਪਤਕ ਦੀ ਨੀ (ਨਿਸ਼ਾਦ) ਨਾਲ ਮਿਲਾਇਆ ਜਾਂਦਾ  ਹੈ।

ਦੂਜੇ ਅਤੇ ਤੀਸਰੇ ਤਾਰ ਮੱਧ ਸਪਤਕ ਦੇ ਸ਼ੜ੍ਜ (ਸ) ਨਾਲ ਮਿਲਾਇਆ ਜਾਂਦਾ ਹੈ। ਇਹ ਲੋਹੇ ਦਾ ਹੁੰਦਾ ਹੈ, ਇਸ ਨੂੰ ਜੋੜੀ ਦੇ ਤਾਰ ਵੀ ਕਿਹਾ ਜਾਂਦਾ ਹੈ।

ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਇਹ ਮੰਦਰ ਸ਼ੜ੍ਜ (ਸ਼) ਨਾਲ ਮਿਲਾਇਆ ਜਾਂਦਾ ਹੈ। ਇਹ ਬਾਕੀ ਤਾਰਾਂ ਨਾਲੋਂ ਕੁਝ ਮੋਟਾ ਹੁੰਦਾ ਹੈ।

ਪਾਠ –5

# ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰਲਿਪੀ ਅਤੇ ਤਾਲ ਲਿੱਪੀ ਦਾ ਵਰਣਨ

ਉੱਤਰੀ ਭਾਰਤ ਵਿੱਚ ਪ੍ਰਯੋਗ ਹੋਣ ਵਾਲੀ ਲਿਪੀ ਨੂੰ ਭਾਤਖੰਡੇ ਜੀ ਦੀ ਸੁਰਲਿਪੀ ਤੋਂ ਜਾਣਿਆ ਜਾਂਦਾ ਹੈ ਇਹ ਮੱਧ ਤੋਂ ਹੀ ਅਸਾਨ ਹੋਣ ਕਰਕੇ ਉਤਰੀ ਭਾਰਤ ਵਿਚ ਬਹੁਤ ਪ੍ਰਚਲਿਤ ਹੈ। ਭਾਤਖੰਡੇ ਜੀ ਨੇ ਸਾਰੇ ਭਾਰਤ ਦਾ ਦੋਰਾ ਕਰਕੇ ਪੁਰਾਣੇ ਘਰਾਨੇ ਦੇ ਸੰਗੀਤਕਾਰਾਂ ਤੋਂ ਸੰਗੀਤ ਦੀ ਸਾਮਰਕੀ ਪ੍ਰਾਪਤ ਕੀਤੀ। ਸੰਗੀਤ ਦੀਆਂ ਇਹਨਾਂ ਚੀਜਾਂ ਤੇ ਮਿਹਨਤ ਕਰਕੇ ਇਕ ਨਮੀ ਸੁਰਲਿਪੀ ਤਿਆਰ ਕੀਤੀ ਤੇ ਆਪਣੀ ਪੁਸਤਕ "ਕ੍ਰਮਿਕ ਪੁਸਤਕ ਮਾਲਿਦਾ" ਵਿੱਚ ਇਕੱਠਾ ਕੀਤਾ। ਪੰ: ਜੀ ਦਾ ਵਿਚਾਰ ਸੀ ਕਿ ਵਿਸ਼ੇਸ਼ ਰਾਗ ਕਿਸ ਤਰ੍ਹਾਂ ਗਾਇਆ ਜਾਵੇ ਕਿਥੇ ਕਿਨਾ ਠਹਿਰਾਵ ਕੀਤਾ ਜਾਵੇ ਇਸ ਦਾ ਗਿਆਨ ਵਿਦਿਆਰਥੀਆਂ ਨੂੰ ਕਰਾਉਣ ਲਈ ਉਹਨਾਂ ਨੇ ਨੋਟੇਸ਼ਨ ਪਧਤੀ ਸ਼ੁਰੂ ਕੀਤੀ। ਮੋਟੇਸ਼ਨ ਪਧਤੀ ਆਪਣੇ ਆਪ ਵਿਚ ਪੂਰੀ ਤਾਂ ਨਹੀਂ ਹੋ ਸਕਦੀ ਕਿਉਂਕਿ ਸੰਗੀਤ ਦੀਆਂ ਬਰੀਕੀਆਂ ਨੂੰ ਦਿਖਾਉਣ ਦੇ ਲਈ ਸੁਰਲਿੱਪੀ ਪ੍ਰਣਾਲੀ ਯੋਗ ਹੈ। ਇਸ ਲਈ ਸੁਰ, ਤਾਲ, ਭਾਸ਼ਾ ਨਾਲ ਲਿੱਪੀ ਨੋਟੇਸ਼ਨ ਜਰੂਰੀ ਉਪਯੋਗੀ ਹੈ।

ਭਾਤਖੰਡੇ ਜੀ ਦੀ ਸੁਰਲਿਪੀ ਤੇ ਤਾਲ ਲਿਪੀ ਤੇ ਚਿੰਨ

## 1. ਸਵਰ

(1) **ਸ਼ੁਧ ਸਵਰ**- ਸੰਗੀਤ ਵਿੱਚ ਪ੍ਰਯੋਗ ਹੋਣ ਵਾਲੇ ਸੱਤ ਸੁਰ ਸ਼ੁਧ ਸਵਰ ਹਨ, ਇਹਨਾਂ ਨੂੰ ਸੁਰਲਿਪੀ ਵਿੱਚ ਲਿਖਣ ਲਈ ਸੁਰਾਂ ਤੇ ਕੋਈ ਚਿੰਨ ਨਹੀਂ ਲਗਾਇਆ ਜਾਂਦਾ ਜਿਵੇਂ : ਸਾ, ਰੇ,ਗ, ਮ, ਪ,ਧ ਨੀ।

(2) **ਕੋਮਲ ਸਵਰ**- ਕੋਮਲ ਸਵਰਾਂ ਨੂੰ ਸੁਰ ਲਿਪੀ ਵਿਚ ਲਿਖਣ ਲਈ ਸਵਰਾਂ ਦੇ ਥੱਲੇ ਲਾਈਨ ਜਾਂ ਡੈਸ਼ ਦਾ ਚਿੰਨ ਲਗਾ ਕੇ ਸੂਚਿਤ ਕੀਤਾ ਜਾਂਦਾ ਹੈ ਜਿਵੇਂ: ਰੇ̱ ਗ̱ ਧ̱ ਨੀ̱

(3) **ਤੀਵਰ ਸਵਰ**- ਇਹਨਾਂ ਸਵਰਾਂ ਲਈ ਸਵਰ ਦੇ ਉਪਰ ਛੋਟੀ ਜਹੀ ਰੇਖਾ

ਲਗਾਈ ਜਾਂਦੀ ਹੈ ਜਿਵੇਂ ਮ ਸਵਰ ਹੀ ਤੀਬਰ ਸਵਰ ਹੈ ਇਸ ਲਈ ਇਸ ਸਵਰ ਦੇ ਉਪਰ ਖੜੀ ਰੇਖਾ ਲਗਾਈ ਜਾਵੇਗੀ।

## 2. ਸਪਤਕ

1. **ਮੰਦਰ ਸਪਤਕ**- ਮੰਦਰ ਸਪਤਕ ਦੇ ਸੁਰਾਂ ਦੀ ਪਹਿਚਾਣ ਦੇ ਲਈ ਸਵਰਾਂ ਦੇ ਨੀਚੇ ਬਿੰਦੀ ਲਗਾਈ ਜਾਂਦੀ ਹੈ ਜਿਵੇਂ : ਮ ਪ ਧ ਨੀ।

2. **ਮੱਧ ਸਪਤਕ**- ਮੱਧ ਸਪਤਕ ਦੇ ਸਵਰਾਂ ਲਈ ਸੁਰ ਲਿੱਪੀ ਵਿੱਚ ਕੋਈ ਵੀ ਨਿਸ਼ਾਨ ਦੀ ਲੋੜ ਨਹੀਂ ਹੁੰਦੀ ਜਿਵੇਂ : ਸ ਰੇ ਗ ਮ ਪ ਧ ਨੀ।

3. **ਤਾਰ ਸਪਤਕ**- ਤਾਰ ਸਪਤਕ ਦੇ ਸਵਰਾਂ ਦੇ ਉਪਰ ਬਿੰਦੀ ਲਗਾਈ ਜਾਂਦੀ ਹੈ ਜਿਵੇਂ: ਸਾਂ ਰੇਂ ਗਂ ਮਂ।

## 3. ਸਵਰ ਮਾਨ

1. ਇਸ ਤਰ੍ਹਾਂ ਦੇ ਅਰਧ ਚੰਦਰ ਦੇ ਅੰਦਰ ਜਿੰਨੇ ਸਵਰ ਆਉਂਦੇ ਹਨ ਤਾਂ ਉਹਨਾਂ ਨੂੰ ਇੱਕ ਮਾਤਰਾਂ ਕਾਲ ਵਿਚ ਉਚਾਰਨ ਇਕੱਠੇ ਕੀਤਾ ਜਾਣਾ ਹੈ। ਜਿਵੇਂ : ਗਮ ਪਧਨੀ ਸਾਰੇਗਮ।

## 4. ਸਵਰਾਂ ਦੀ ਸੁੰਦਰਤਾ

1. **ਮੀਤ**- ਮੀਤ ਦਾ ਚਿੰਨ ਸੁਰਲਿਪੀ ਵਿਚ ਦਸਣ ਲਈ ਸਵਰਾਂ ਦੇ ਉਪਰ ਅਰਧਚੰਦਰਾਕਾਰ ਦਸਦੇ ਹਨ ਜਿਵੇਂ “ਗ ਮ” ਇਸ ਨਾਲ ਇਹ ਸਪਸ਼ਟ ਹੈ ਕਿ “ਗ” ਦੇ ਪਰਦੇ ਨਾਲ “ਮ” ਸਵਰ ਦੀ ਮੀਂਤ ਕ੍ਰਿਆ ਦੁਆਰਾ ਇਸ ਪ੍ਰਕਾਰ ਧੁਨੀ ਦਾ ਉਚਾਰਨ ਕਰਨਾ “ਗ” ਸਵਰ ਦੀ ਧੁਨੀ ਖੰਡਿਤ ਹੋਏ ਬਿਨਾ “ਮ” ਸਵਰ ਉਤੇ ਆ ਕੇ ਰੁਕ ਜਾਈਏ।

2. **ਕਣ**- ਮ/ਪ ਇਸ ਤਰ੍ਹਾਂ ਦੇ ਸਵਰ ਉੱਤੇ ਦੂਸਰਾ ਸਵਰ ਲਿਖਿਆ ਗਿਆ ਹੋਵੇ ਤਾਂ ਇਸ ਤੋਂ ਭਾਵ ਹੈ ਕਿ “ਪ” ਸਵਰ ਦੇ ਉਚਾਰਣ ਕਰਨ ਤੋਂ ਪਹਿਲਾਂ “ਮ” ਸਵਰ ਨੂੰ ਥੋੜਾ ਜਿਹਾ ਛੁਹਣਾ। ਕਣ ਪਹਿਲੇ ਸਵਰ ਜਾਂ ਬਾਅਦ ਦੇ ਸਵਰ ਦਾ ਵੀ ਹੋ ਸਕਦਾ ਹੈ ਜਿਹੜਾ ਸਵਰ ਉਪਰ ਬਾਅਦ ਵਾਲਾ ਸਵਰ ਲਿਖਿਆ ਹੋਵੇਗਾ ਤਾਂ ਉਸ ਦਾ ਹੀ ਕਣ ਲਿਆ ਜਾਵੇਗਾ।

ਜਿਵੇਂ ਗ/ਮ ਪ/ਧ

3. **ਖਟਕਾ**- (ਮ) ਜੇਕਰ ਕੋਈ ਸਵਰ ਇਸ ਤਰ੍ਹਾਂ ਦੀ ਬਰੈਕਟ ਵਿੱਚ ਹੋਵੇ ਤਾਂ ਉਸ ਸਵਰ ਦਾ ਉਚਾਰਣ ਕਰਨ ਤੋਂ ਪਹਿਲਾਂ ਉਸਦੇ ਬਾਅਦ ਵਾਲੇ ਸਵਰਾਂ ਦਾ ਖਟਕਾ ਲੈ ਕੇ ਕਹਾਂਗੇ ਕਿ ਉਸਦੇ ਪਹਿਲੇ ਸਵਰ ਦਾ ਖਟਕਾ ਲੈ ਕੇ ਅੰਦਰ ਵਾਲੇ ਸਵਰ ਕਹਾਂਗੇ ਜਿਵੇਂ: ਗ ਮ ਪ ਮ ਜਾਂ ਗਮ/ ਪਮ ਇਹ ਕਿਰਿਆ ਜਲਦੀ ਨਾਲ ਅਤੇ ਸਵਰਾਂ ਦੇ ਸਪਸ਼ਟ ਨਾਲ ਕੀਤੀ ਜਾਂਦੀ ਹੈ।

## 5. ਗੀਤਾਂ ਦਾ ਉੱਚਾਰਣ

(1) **ਡੈਸ਼** “-” ਡੈਸ਼ ਦਾ ਨਿਸ਼ਾਨ ਜਿਹਨਾਂ ਸਵਰਾਂ ਦੇ ਅੱਗੇ ਲੱਗੇ ਹੋਵੇ ਤਾਂ ਉਹਨਾਂ ਸਵਰਾਂ ਨੂੰ ਉਚਾਰਣ ਕਰਨ ਤੋਂ ਬਾਅਦ ਉਹਨਾਂ ਸਵਰਾਂ ਤੇ ਠਹਿਰਿਆ ਜਾਂਦਾ ਹੈ। ਜਿੰਨੇ ਸਵਰਾਂ ਦੇ ਅੱਗੇ ਡੈਸ਼ ਦਾ ਚਿੰਨ ਹੋਵੇਗਾ ਉੱਥੇ ਮਾਤਰਾ ਕਾਲ ਦਾ ਠਹਿਰਾਵ ਹੁੰਦਾ ਹੈ।

(2) **ਅਵਰਕਹ**– “ਛ” ਇਹ ਚਿੰਨ ਜਿਹਨਾਂ ਸਵਰਾਂ ਦੇ ਅੱਗੇ ਹੁੰਦਾ ਹੈ ਉਤਨੀ ਹੀ ਮਾਤਰਾ ਕਾਲ ਲਈ ਉਸ ਗੋਲ ਨੂੰ ਵਧਾਇਆ ਜਾਂਦਾ ਹੈ ਜਿਵੇਂ: ਮ ਛ ਛ ਛ।

(3) **ਅਰਧ ਵਿਰਾਮ** ‘,’ ਇਸ ਤਰ੍ਹਾਂ ਕੋਮਾ ਦਾ ਨਿਸ਼ਾਨ ਜਿਹਨਾਂ ਗੀਤਾਂ ਜਾਂ ਗਤ ਦੇ ਬੋਲਾਂ ਜਾ ਸਵਰਾਂ ਅਤੇ ਲਗਾ ਹੋਵੇ ਉਸ ਦੇ ਉਹਨੇ ਹੀ ਸਮ, ਵਿਭਾਗ ਹੁੰਦੇ ਹਨ।

## 6. ਤਾਲ ਲਿਪੀ

(1) **ਸਮ**- “×” ਤਾਲ ਵਿੱਚ ਸਮ ਦੇ ਚਿੰਨ ਲਈ ਇਸ ਤਰਾਂ ਦੇ ਗੁਣਾਂ ਦਾ ਚਿੰਨ ਲਗਾਂਦੇ ਹਨ। ਸਮ ਤਾਲ ਦੀ ਪਹਿਲੀ ਮਾਤਰਾਂ ਤੇ ਹੁੰਦਾ ਹੈ।

(2) **ਖਾਲੀ** “0” ਤਾਲ ਵਿੱਚ ਖਾਲੀ ਦੇ ਜੀਰੋ ਦਾ ਚਿੰਨ ਲਗਾਇਆ ਜਾਂਦਾ ਹੈ, ਤਾਲ ਵਿੱਚ ਖਾਲੀ ਇੱਕ ਤੋਂ ਵੱਧ ਵੀ ਹੋ ਸਕਦੇ ਹਨ।

(3) **ਵਿਭਾਗ**- ਇਸ ਤਰ੍ਹਾਂ ਦੀ ਲਾਈਨ ਤੋਂ ਤਾਲ ਦੀਆਂ ਮਾਤਰਾਵਾਂ ਦੀ ਵੰਡ ਦਾ ਪਤਾ ਲਗਦਾ ਹੈ ਹਰ ਮਾਤਰਾ ਦੇ ਅਲਗ ਵਿਭਾਗ ਹੁੰਦੇ ਹਨ ਵਿਭਾਗ ਦੇ ਲਈ ਸਿੱਧੀ ਰੇਖਾ ਦਾ ਚਿੰਨ ਲਗਾਇਆ ਜਾਂਦਾ ਹੈ।

(4) **ਤਾਲੀ**: 1:2:3:4 ਸੁਰਲਿਪੀ ਵਿਚ ਤਾਲ ਵਿੱਚ ਤਾਲੀ ਦੇ ਚਿੰਨ ਲਈ ਗਿਣਤੀ ਦੇ ਚਿੰਨ ਜਿਵੇਂ 1,2,3,4 ਲਗਾਏ ਜਾਂਦੇ ਹਨ ਕਈ ਤਾਲਾਂ ਵਿੱਚ ਇਕ ਤੋਂ ਵੱਧ ਤਾਲੀਆਂ ਹੁੰਦੀਆਂ ਹਨ।

ਸਵਰ ਲਿੱਪੀ ਦੀਆਂ ਚੰਗਿਆਈਆਂ

(1) ਸੁਰ ਲਿਪੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਕਿਸੇ ਤੋਂ ਸਿੱਖੀ ਹੋਈ ਚੀਜ ਨੂੰ ਯਾਦ ਕਰਨ ਵਿੱਚ ਮਦਦ ਮਿਲਦੀ ਹੈ। ਕਿਉਂਕਿ ਲਿਖੀ ਹੋਈ ਚੀਜ ਨੂੰ ਵੇਖਕੇ ਹੀ ਪਹਿਲਾਂ ਯਾਦ ਕੀਤੀ ਚੀਜ ਯਾਦ ਕਰਨ ਵਿੱਚ ਆਸਾਨੀ ਹੁੰਦੀ ਹੈ।

(2) ਸਵਰ ਲਿਪੀ ਦੀ ਮਦਦ ਨਾਲ ਦੂਸਰੀ ਭਾਸ਼ਾਵਾਂ ਵਿੱਚ ਵੀ ਇਸਦਾ ਪ੍ਰਚਾਰ ਹੋ ਸਕਦਾ ਹੈ।

(3) ਜੇਕਰ ਅਸੀਂ ਕਿਸੀ ਗੁਣੀਜਨ ਤੋਂ ਗਾਇਕੀ ਦੀ ਕੋਈ ਚੀਜ ਸਿਖੀ ਹੈ ਤਾਂ ਉਸ ਨੂੰ ਸੁਰਲਿਪੀ ਦੇ ਸਹਾਰੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

(4) ਸੁਰ ਲਿਪੀ ਨਾਲ ਸਮੇਂ ਦੀ ਬਚਤ ਹੁੰਦੀ ਹੈ ਲਿਖੀ ਹੋਈ ਚੀਜ ਨੂੰ ਘੱਟ ਸਮੇਂ ਵਿੱਚ ਸਿਖਣਾ ਸੌਖਾ ਹੋ ਗਿਆ ਹੈ।

(5) ਰਾਗਾਂ ਦੀ ਨੋਟੇਸ਼ਨ ਲਿਖ ਕੇ ਰੱਖਣ ਨਾਲ ਅਸੀਂ ਅਗਲੀ ਪੀੜੀ ਨੂੰ ਇਹ ਚੀਜ ਕਰਵਾਉਣ ਵਿੱਚ ਕਾਰਾਗਰ ਸਿੱਧ ਹੁੰਦੀ ਹੈ ਕਿਉਂਕਿ ਨੋਟੇਸ਼ਨ ਹੀ ਇਕ ਐਸਾ ਸਾਧਨ ਹੈ ਜੋ ਇਹਨਾਂ ਸਾਰਿਆਂ ਦਾ ਰਿਕਾਰਡ ਰਖਦਾ ਹੈ।

(6) ਸਵਰ ਲਿਪੀ ਦੁਆਰਾ ਦੀ ਅਸੀਂ ਘਰਾਣੇਦਾਰ ਗਾਇਕਾਂ ਦੀਆਂ ਚੀਜਾਂ ਨੂੰ ਸੰਭਾਲ ਦੇ ਰੱਖ ਸਕਦੇ ਹਾਂ। ਜਿਵੇਂ ਭਾਤਖੰਡੇ ਜੀ ਦੀ ਪੁਸਤਕ “ਕ੍ਰਮਿਕ ਪੁਸਤਕ ਮਾਲਿਕਾ 6” ਵਿਚ ਘਰਾਣੇਦਾਰ ਚੀਜਾਂ ਲਿਖੀਆਂ ਹਨ।

(7) ਘੱਟ ਸਮੇਂ ਵਿੱਚ ਗਾਇਕੀ ਦੀਆਂ ਚੀਜਾਂ ਸਿੱਖ ਕੇ ਸਮੇਂ ਦੀ ਬਚਤ ਕਰ ਸਕਦੇ ਹਾਂ।

(8) ਸੁਰ ਲਿਪੀ ਸਰਲ ਸਪਸ਼ਟ ਹੋਣ ਤੇ ਘਟ ਗਿਆਨ ਵਾਲੇ ਤੇ ਵਿਦਵਾਨ ਦੋਨਾਂ ਦਾ ਫਾਇਦਾ ਲੈ ਸਕਦੇ ਹਨ।

(9) ਕਿਸੀ ਵੀ ਘਰਾਣੇ ਦੀ ਸ਼ੈਲੀ (ਗਾਇਕ, ਵਾਦਕ) ਦੀ ਸਵਰ ਲਿਪੀ ਦੀ ਮਦਦ ਨਾਲ ਹੀ ਲਿਖ ਕੇ ਸੁਰਖਿਅਤ ਰਖੀ ਜਾ ਸਕਦੀ ਹੈ।

(10) ਸਵਰ ਲਿਪੀ ਦਾ ਉਦੇਸ਼ ਸਪਸ਼ਟ ਤੇ ਸ਼ੁਧ ਰੂਪ ਵਿਚ ਸਾਰੀਆਂ ਚੀਜਾਂ ਦਾ ਵਰਣਨ ਕਰਨਾ ਹੈ। ਜਿਸ ਦੇ ਪੜਦੇ ਹੀ ਇਹ ਚੀਜਾਂ ਸਪਸ਼ਟ ਹੋ ਜਾਣ।

ਸਵਰ ਲਿਪੀ ਦੀਆਂ ਬੁਰਾਈਆਂ

(1) ਸਵਰਾਂ ਦਾ ਸ਼ੁਧ ਉਚਾਰਨ ਜਿਵੇਂ ਸਵਰਾਂ ਦੇ ਵਿਸ਼ਰਾਮ,ਕੋਮਲ ਤੇ ਤੀਵਰ ਸਵਰਾਂ ਦਾ ਉਚਾਰਣ ਆਦਿ ਸਵਰ ਲਿਪੀ ਵਿੱਚ ਨਹੀਂ ਉਤਾਰੀਆਂ ਜਾ ਸਕਦੀਆਂ। ਕੇਵਲ ਸੁਰ ਲਿਪੀ ਤੇ ਅਧਾਰਿਤ ਹੋਣਾ ਪੈਂਦਾ ਹੈ ਤੇ ਸੰਗੀਤ ਦੀ ਅਸਲੀਅਤ ਤੋਂ ਦੂਰ ਚਲੇ ਜਾਂਦੇ ਹਨ।

(2) ਸਵਰਾਂ ਦਾ ਉਚਾਰਣ, ਰਾਗ ਨੂੰ ਗਾਉਣ ਦਾ ਢੰਗ ਇਹ ਗੱਲਾਂ ਲਿਖਣ ਤੋਂ ਨਹੀਂ ਸੁਣ ਕੇ ਲਿਖੀਆਂ ਜਾ ਸਕਦੀਆਂ ਹਨ

(3) ਸਵਰ ਲਿੱਪੀ ਨੇ ਸੰਗੀਤ ਦੇ ਵਿਦਿਆਰਥੀਆਂ ਨੂੰ ਆਲਸੀ ਬਣਾ ਦਿੱਤਾ ਹੈ ਜਿਸ ਨਾਲ ਵਿਦਿਆਰਥੀ ਖੁਦ ਹੀ ਗਲਤ ਤਰੀਕੇ ਨਾਲ ਘਰ ਬੈਠ ਕੇ ਸੰਗੀਤ ਸਿੱਖ ਰਹੇ ਹਨ ਜਿਸ ਨਾਲ ਗੁਰੂ ਸ਼ਿਸ਼ਾ ਪਰੰਪਰਾ ਖਤਮ ਹੋ ਰਹੀ ਹੈ।

(4) ਕਈ ਕਠਿਨ ਧੁਨਾਂ ਨੂੰ ਅਸੀਂ ਸਵਰ ਲਿਪੀ ਦੁਆਰਾ ਨਹੀਂ ਸਮਝ ਸਕੇ ਜਦੋਂ ਤੱਕ ਕਿਸੀ ਉਸਤਾਦ ਤੋਂ ਪ੍ਰਯੋਗੀ ਰੂਪ ਤੋਂ ਇਹ ਸਿੱਖਿਆ ਨਾ ਜਾਣ।

ਪਾਠ–6

# ਗੀਤ ਦੀਆਂ ਕਿਸਮਾਂ, ਭਜਨ, ਸ਼ਬਦ, ਲੋਕਗੀਤ

## ਸ਼ਬਦ

ਸ਼ਬਦਾ ਗਾਇਨ ਵਿੱਚ ਗੁਰੂ ਜੀ ਦੀ ਬਾਣੀ ਦਾ ਗਾਇਨ ਹੈ, ਜੋ ਗੁਰੂਦੁਆਰਿਆਂ, ਧਾਰਮਿਕ ਸਥਾਨਾਂ, ਧਾਰਮਿਕ ਸਮਾਰੋਹਾਂ ਵਿੱਚ ਗਾਇਆ ਜਾਂਦਾ ਹੈ। ਸ਼ਬਦ ਗਾਇਨ ਨੂੰ ਮੋਕਸ਼ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ। ਇਹਨਾਂ ਸ਼ਬਦਾਂ ਨੂੰ ਰਾਗਾਂ ਵਿੱਚ ਗਾਉਣਾ ਅਤਿਅੰਤ ਪਵਿੱਤਰ ਮੰਨਿਆ ਜਾਂਦਾ ਹੈ। ਸ਼ਬਦ ਨੂੰ ਗੁਰੂ ਮੂਰਤ ਸਮਝਿਆ ਗਿਆ ਹੈ। ਸ਼ਬਦ ਦੇ ਮੂਲ ਲੇਖਕ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ। ਇਹਨਾਂ ਦੇ ਸਮੇਂ ਤੋਂ ਹੀ ਕੀਰਤਨ ਦੀ ਪ੍ਰਥਾ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗਾਇਨ ਦਾ ਵਿਸ਼ੇਸ਼ ਸਮਾਂ ਨਿਰਧਾਰਿਤ ਕੀਤਾ ਗਿਆ। ਇਹ ਸਮਾਂ ਦਿਨ ਵਿੱਚ ਚਾਰ ਵੀ ਰੱਖਿਆ ਗਿਆ ਹੈ। ਅੱਜ ਵੀ ਇਸ ਨਿਯਮ ਦੀ ਪਾਲਣਾ ਕੀਤੀ ਜਾਂਦੀ ਹੈ।

ਸਮੇਂ ਦੇ ਚੱਕਰ ਨੂੰ ਚੌਂਕੀਆਂ ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈਃ

1 ਆਸਾ ਦੀ ਵਾਰ ਦੀ ਚੌਂਕੀਃ ਇਹ ਅੰਮ੍ਰਿਤ ਵੇਲੇ ਦੀ ਬਾਣੀ ਹੈ। ਇਹ ਬਾਣੀ ਰਾਗ ਆਸਾ ਵਿੱਚ ਗਾਈ ਜਾਂਦੀ ਹੈ।

2 ਚਰਨ ਕਮਲ ਦੀ ਚੌਂਕੀਃ ਇਸ ਚੌਂਕੀ ਦਾ ਸਮਾਂ ਦਿਨ ਦੇ ਪਹਿਲੇ ਪਹਿਰ ਤੋਂ ਬਾਅਦ ਆਰੰਭ ਹੁੰਦਾ ਹੈ। ਇਸ ਵਿੱਚ ਤੋੜੀ, ਗੁਜਰੀ, ਬਿਲਾਵਲ, ਦੇਵ ਗੰਧਾਰੀ ਸਾਰੰਗ, ਸੂਹੀ, ਵਡਹੰਸ ਇਹ ਗਾਏ ਜਾਂਦੇ ਹਨ।

3 ਕਲਿਆਣ ਦੀ ਚੌਂਕੀਃ ਰਾਤ ਦੇ ਪਹਿਲੇ ਪਹਿਰ ਤੋਂ ਬਾਅਦ ਹੇਠ ਲਿਖੇ ਰਾਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂਃ ਜੈਤਸਰੀ, ਗਾਉੜੀ, ਧਨਾਸਰੀ, ਮਾਲਗੌੜੀ, ਮਾਰੂ, ਮਲਾਰ, ਬਸੰਤ, ਕੇਦਾਰ ਆਦਿ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ 31 ਰਾਗਾਂ ਵਿੱਚੋਂ 22 ਰਾਗਾਂ ਵਿੱਚ ਆਪਣੀ ਬਾਣੀ ਦਾ ਗਾਇਨ ਕੀਤਾ। 12 ਰਾਗਾਂ ਵਿੱਚ ਉਹਨਾਂ ਨੇ ਸ਼ਬਦ ਦੀ ਰਚਨਾ ਕੀਤੀ, ਦੂਸਰੇ ਗੁਰੂਆਂ, ਸੰਤਾਂ, ਫਕੀਰਾਂ ਦੀਆਂ ਰਚਨਾਵਾਂ ਦਾ ਸ਼ਬਦ ਗਾਇਨ ਕੀਤਾ। ਉਹਨਾਂ ਨੇ ਆਪਣੀ ਭਾਸ਼ਾ ਵਿੱਚ ਵੀ ਸ਼ਬਦੀ ਰਚਨਾ ਕੀਤੀ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਹਨਾਂ ਨੇ

ਸ਼ਬਦਾਂ ਨੂੰ ਮੂਲਰੂਪ ਪੰਜਾਬੀ ਲਿਪੀ ਦਾ ਨਾਂ ਦੇ ਦਿੱਤਾ। ਇਸ ਤਰਾਂ ਹੁਣ ਰਾਗ ਤਾਲਾਂ ਵਿੱਚ ਨਿਯਮਬੱਧ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਅਨੇਕਾਂ ਗੁਰਪੁਰਬਾਂ ਅਤੇ ਵਿਸ਼ੇਸ਼ ਮੌਕਿਆਂ ਤੇ ਕੀਰਤਨ ਦਰਬਾਰਾਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿੱਚ ਇਹਨਾਂ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਸ਼ਬਦ ਭਾਵੇਂ ਕਿਸੇ ਵੀ ਰਾਗ ਵਿੱਚ ਗਾਇਆ ਜਾਵੇ ਪਰ ਸ਼ਬਦ ਦੀ ਚੋਣ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਵਿੱਚੋਂ ਹੀ ਕੀਤੀ ਜਾਂਦੀ ਹੈ।

## ਭਜਨ

ਈਸ਼ਵਰ ਦੀ ਉਪਾਸਨਾ ਲਈ, ਅਰਾਧਨਾ ਲਈ ਜੋ ਗੀਤ ਗਾਏ ਜਾਂਦੇ ਹਨ, ਉਹਨਾਂ ਨੂੰ ਭਜਨ ਕਹਿੰਦੇ ਹਨ। ਭਜਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ। ਭਜਨ, ਆਤਮ ਵਿਸ਼ਵਾਸ, ਆਤਮ ਵਿਕਾਸ ਅਤੇ ਆਤਮ ਗਿਆਨ ਦਾ ਸਭ ਤੋਂ ਸੌਖਾ ਸਾਧਨ ਹੈ। ਇਹਨਾਂ ਭਜਨਾਂ ਦੀ ਵਰਤੋਂ ਈਸ਼ਵਰ ਗੁਣ-ਗਾਣ,ਦੇਵੀ, ਦੇਵਤਿਆਂ ਦੀ ਉਸਤਤੀ ਦੇ ਲਈ ਕੀਤੀ ਜਾਂਦੀ ਹੈ। ਭਗਤੀ ਕਾਲ ਵਿਚ ਸਰਦਾਸ,ਮੀਰਾ ਬਾਈ,ਕਬੀਰ ਜੀ, ਜਾਬਸੀ, ਤੁਲਸੀਦਾਸ ਦੇ ਭਜਨਾਂ ਦਾ ਗਾਇਨ ਕੀਤਾ ਜਾਂਦਾ ਸੀ। ਇਹਨਾਂ ਭਜਨਾਂ ਨੂੰ ਅੱਜ ਵੀ ਗਾਇਆ ਜਾਂਦਾ ਹੈ। ਭਜਨ ਲੋਕਾਂ ਦੀ ਆਤਮ ਸ਼ਕਤੀ ਵਧਾਉਣ ਦਾ ਸਾਧਨ ਹੈ। ਭਜਨ ਦਾ ਗਾਇਨ ਸ਼ਾਸਤਰੀ ਰਾਗਾਂ ਵਿਚ ਹੁੰਦਾ ਹੈ। ਅਤੇ ਤਾਲਾਂ ਹਲਕੇ ਵਜਨ ਦੀਆਂ ਰੱਖੀਆਂ ਜਾਂਦੀਆਂ ਹਨ ਤਾਂ ਜੋ ਜਨ ਸਧਾਰਨ ਨੂੰ ਸਮਝ ਆ ਸਕੇ। ਭਜਨ ਵਿਚ ਸ਼ਬਦ ਦੇ ਭਾਵਾਂ ਦਾ ਵਿਸ਼ੇਸ਼ ਸਥਾਨ ਹੈ, ਇਸ ਦੀ ਸ਼ਬਦਾਵਲੀ ਦਾ ਪ੍ਰਯੋਗ ਮੰਦਰਾਂ, ਧਾਰਮਿਕ ਸਥਾਨਾਂ ਅਤੇ ਸਮਾਰੋਹਾਂ ਵਿਚ ਕੀਤਾ ਜਾਂਦਾ ਹੈ। ਭਜਨ ਨੂੰ ਜਿਆਦਾਤਰ ਭੈਰਵੀ, ਖਮਾਜ, ਭੀਮਪਲਾਸੀ, ਰਾਗੇਸ਼ਵਰੀ, ਤਿਲੰਗ, ਦੇਸ਼ ਆਦਿ ਰਾਗਾਂ ਵਿਚ ਗਾਇਆ ਜਾਂਦਾ ਹੈ। ਭਜਨ ਗਾਇਨ ਵਿਚ ਢੋਲ, ਢੋਲਕੀ, ਤਬਲੇ ਦਾ ਪ੍ਰਯੋਗ ਹੁੰਦਾ ਹੈ। ਭਜਨ ਦੇ ਨਾਲ ਜਿਆਦਾਤਰ ਦਹਿਰਸਾ, ਦਾਦਰਾ ਤਾਲਾਂ ਵਜਾਈਆਂ ਜਾਂਦੀਆਂ ਹਨ।

## ਲੋਕ ਗੀਤ

ਲੋਕ ਗਤੀ ਨੂੰ ਸੰਗੀਤ ਦੀ ਸਭ ਤੋਂ ਪੁਰਾਣੀ ਸ਼ੈਲੀ ਕਿਹਾ ਜਾ ਸਕਦਾ ਹੈ। ਇਉਂ ਕਹਿ ਲਵੋ ਜਦੋਂ ਮਨੁਖ ਨੇ ਧਰਤੀ ਤੇ ਪੈਰ ਰੱਖਿਆ ਉਦੋਂ ਤੋਂ ਹੀ ਲੋਕ ਗੀਤਾਂ ਦਾ ਜਨਮ

ਹੋਇਆ। ਜਦੋਂ ਮਨੁੱਖ ਆਪਣੇ ਰਿਦੇ ਦੇ ਦੁੱਖ-ਸੁੱਖ ਦੇ ਭਾਵਾਂ ਨੂੰ ਸ਼ਬਦਾਂ ਤੇ ਸੰਗੀਤ ਦੁਆਰਾ ਪ੍ਰਗਟ ਕਰਦਾ ਸੀ ਤਾਂ ਭਿੰਨ ਭਿੰਨ ਮੌਕਿਆਂ ਦੇ ਗਾਏ ਜਾਣ ਵਾਲੇ ਸੰਗੀਤ ਨੂੰ ਲੋਕ ਗੀਤ ਕਹਿੰਦੇ ਹਨ। ਲੋਕ ਗੀਤ ਦਾ ਸਬੰਧ ਆਮ ਜਨਤਾ ਨਾਲ ਹੁੰਦਾ ਹੈ। ਲੋਕ ਗੀਤਾਂ ਵਿਚ ਸਾਦਗੀ, ਅਲਬੇਲਾਪਨ, ਸਰਲਤਾ ਹੁੰਦੀ ਹੈ। ਲੋਕ ਗੀਤ ਆਦਿ ਕਾਲ ਤੋਂ ਮਨੁੱਖ ਦਾ ਮਨੋਰੰਜਨ ਕਰਦੀ ਆ ਰਹੀ ਹੈ। ਇਸ ਵਿਚ ਹਰ ਵਿਅਕਤੀ ਗਾਇਕ, ਵਾਦਕ ਅਤੇ ਕਵੀ ਹੈ। ਪ੍ਰਕ੍ਰਿਤੀ ਦਾ ਕੋਈ ਅੰਗ ਨਹੀਂ ਜਿਸ ਤੇ ਲੋਕ ਗੀਤਾਂ ਦੀ ਰਚਨਾ ਨਾ ਹੋਈ ਹੋਵੇ। ਇਹ ਪ੍ਰਕਿਰਤੀ ਦੇ ਝਰਨੇ ਵਾਂਗ ਆਪ ਪੈਦਾ ਹੁੰਦੀ ਹੈ। ਇਸ ਦੇ ਗੀਤ ਬਣਾਏ ਨਹੀਂ ਜਾਂਦੇ ਇਹ ਆਪਣੇ ਆਪ ਮਾਹੌਲ ਦੇ ਮੁਤਾਬਿਕ ਹਿਰਦੇ ਵਿਚੋਂ ਨਿਕਲਦੇ ਹਨ। ਲੋਕ ਗੀਤਾਂ ਦਾ ਅਧਾਰ ਤੇ ਕਈ ਕਈ ਰਗਾਂ ਦਾ ਆਵਿਸ਼ਕਾਰ ਹੋਇਆ ਜਿਵੇਂ ਮਾਂਡ, ਦੇਸ, ਪਹਾੜੀ, ਪੀਲੂ ਆਦਿ ਸਾਡੇ ਦੇਸ਼ ਵਿਚ ਉਸਤਸਾਹ, ਪਿਆਰ, ਮਸਤੀ, ਬਲੀਦਾਨ ਦੇ ਅਨੇਕ ਲੋਕ ਗੀਤ ਪ੍ਰਚਲਿਤ ਹਨ। ਲੋਕ ਗੀਤਾਂ ਵਿਚ ਕਰਠਨ ਤਾਲਾਂ ਅਤੇ ਸੁਰਾਂ ਦੇ ਲਗਾਅ ਵੀ ਬੜੀਸਾਦਗੀ ਅਤੇ ਮਧੁਰਤਾ ਨਾਲ ਲਗਾਏ ਜਾਂਦੇ ਹਨ। ਅੱਜ ਦਾ ਫਿਲਮੀ ਦੌਰ ਵੀ ਲੋਕ ਗੀਤਾਂ ਕਰਕੇ ਪ੍ਰਸਿਧੀ ਪ੍ਰਾਪਤ ਕਰ ਰਿਹਾ ਹੈ। ਪੰਜਾਬ ਦੇ ਲੋਕ ਗੀਤਾਂ ਵਿਚ ਲੋਕ ਗਾਥਾਵਾਂ ਜਿਵੇਂ ਹੀਰ-ਰਾਂਝਾ, ਜੱਗਾ, ਸੱਸੀ-ਪੁੰਨੂੰ, ਮਿਰਜਾ-ਸਾਹਿਬਾਂ, ਮਲਕੀ ਆਦਿ ਗਾਏ ਜਾਂਦੇ ਹਨ। ਵਿਆਹਾਂ ਤੇ ਗਾਈਆਂ ਜਾਣ ਵਾਲੀਆਂ ਘੋੜੀਆਂ, ਸੁਹਾਗ, ਸਿੱਠਣੀਆਂ ਇਹ ਲੋਕ ਗੀਤ ਦਾ ਹੀ ਹਿੱਸਾ ਹਨ। ਲੋਕ ਗੀਤ ਮਨੁੱਚ ਦੇ ਜਨਮ ਤੋਂ ਲੈ ਕੇ ਮੌਤ ਤੱਕ ਸਾਥ ਦਿੰਦਾ ਹੈ। ਪੰਜਾਬ ਦੇ ਭਿੰਨ ਭਿੰਨ ਤਿਉਹਾਰ, ਜਿਵੇਂ ਬਸੰਤ ਰੁੱਤ, ਲੋਹੜੀ, ਵਿਸਾਖੀ, ਬਰਸਾਤ ਦੀ ਰੁੱਤ (ਤੀਆਂ ਦੇ ਗੀਤ), ਤ੍ਰਿੰਝਣਾਂ ਦੇ ਗੀਤ ਵੱਖ-ਵੱਖ ਮੌਕਿਆਂ ਤੇ ਗਾਏ ਜਾਂਦੇ ਹਨ।

ਲੋਕ ਗੀਤ ਵਿਚ ਪ੍ਰਯੋਗ ਹੋਣ ਵਾਲੇ ਵਾਦਾਂ ਵਿਚੋਂ ਢੋਲ, ਢੋਲਕੀ , ਚਿਮਨਾ, ਖੜਤਾਲ ਆਦਿ ਦਾ ਪ੍ਰਯੋਗ ਹੁੰਦਾ ਹੈ। ਇਹਨਾਂ ਗੀਤਾਂ ਨਾਲ ਜਿਆਦਾਤਰ ਦਹਰਵਾ, ਦਾਦਰਾਂ, ਦੀਪਚੰਦੀ, ਖੇਮਟਾਂ ਆਦਿ ਤਾਲ ਵਜਾਈਆਂ ਜਾਂਦੀਆਂ ਹਨ ਲੋਕ ਗੀਤ ਹਮੇਸ਼ਾ ਮੱਧ ਲੋਅ ਜਾਂ ਰੁੱਤ ਲੋਅ ਵਿਚ ਗਾਏ ਜਾਂਦੇ ਹਨ।

ਪਾਠ-7

# ਗਾਇਕ ਦੇ ਗੁਣ ਅਤੇ ਦੋਸ਼

ਵਿਧੀ ਦੇ ਵਿਧਾਨ ਹਰ ਸਥਾਨ ਤੇ ਗੁਣਾ, ਔਗੁਣਾਂ ਦਾ ਸੁਮੇਲ ਵੇਖਣ ਵਿਚ ਮਿਲਦਾ ਹੈ। ਸੰਗੀਤ ਮੰਚ ਪ੍ਰਦਰਸ਼ਨ ਦੀ ਕਲਾ ਹੈ। ਗਾਇਕ ਲੋਕ ਮਨਾਂ ਦੀ ਚੁੱਪ ਨੂੰ ਗਾਉਂਦਾ ਹੈ। ਇਸ ਕਾਰਣ ਇਸ ਦਾ ਸਿੱਧਾ ਸਬੰਧ ਸਰੋਤਿਆਂ ਨਾਲ ਹੁੰਦਾ ਹੈ। ਸੰਗੀਤ ਦੀ ਕੋਈ ਵੀ ਕਲਾ ਗਾਇਨ, ਵਾਦਨ, ਲਰਿਤ ਸਭ ਦਾ ਮੂਲ ਰੂਪ ਤੋਂ ਸਾਰਾ ਅਸਰ ਸਰੋਤਿਆਂ ਤੇ ਪੈਂਦਾ ਹੈ। ਜਦੋਂ ਗਾਇਕ ਸਰੋਤਿਆਂ ਦੇ ਮਨ ਨੂੰ ਖੁਸ਼ ਕਰਨ ਵਿਚ ਸਫਲ ਹੁੰਦਾ ਹੈ ਤਾਂ ਇਹ ਉ;ਸ ਦੇ ਗੁਣ ਹੁੰਦੇ ਹਨ। ਇਹਨਾਂ ਸਾਰਿਆਂ ਤੋਂ ਇਲਾਵਾ ਉਸ ਦੇ ਹਾਵ ਭਾਵ ਗੁਣ ਦੋਸ਼ ਵੀ ਉਸ ਦੀ ਕਲਾ ਤੇ ਪ੍ਰਭਾਵ ਪਾਉਣ ਤੇ ਵਿਗਾੜਨ ਵਿਚ ਉਤਰਦਾਈ ਹੁੰਦੇ ਹਨ। ਸੰਗੀਤ ਦਾ ਮੁੱਖ ਉਦੇਸ਼ ਸਰੋਤਿਆਂ ਦੇ ਮਨ ਨੂੰ ਖੁਸ਼ ਕਰਨਾ ਹੈ। ਇਹ ਸਾਰਾ ਕੁਝ ਕਲਾਕਾਰ ਦੇ ਗੁਣਾਂ ਤੇ ਨਿਰਭਰ ਕਰਦਾ ਹੈ। ਇਸ ਲਈ ਕਿਸੇ ਗਾਇਕ ਵਿਚ ਕੁਝ ਦੋਸ਼ ਰਹਿ ਜਾਣ ਤਾਂ ਉਹ ਆਪਣੀ ਗਾਇਕੀ ਦੁਆਰਾ ਸਰੋਤਿਆਂ ਨੂੰ ਖੁਸ਼ ਨਹੀਂ ਕਰ ਸਕਦਾ। ਇਸਲਈ ਇਕ ਕਲਾਕਾਰ ਨੂੰ ਗੁਣ ਅਪਣਾਂ ਦੇ ਦੋਸ਼ਾਂ ਨੂੰ ਸੁਧਾਰਨਾ ਚਾਹੀਦਾ ਹੈ ਤਾਂ ਜੋਉਹ ਆਪਣੀ ਗਾਇਕੀ ਦਾ ਪ੍ਰਦਰਸ਼ਨ ਚੰਗੀ ਤਰਾਂ ਕਰ ਸਕੇ। ਇਸ ਲਈ ਚੰਗੇ ਗਾਇਕ ਵਿਚ ਹੇਠ ਲਿਖੇ ਗੁਣ ਹੋਣੇ ਜ਼ਰੂਰੀ ਹਨਃ

1. **ਹਿਰਦੇ ਸ਼ਬਦ**ਃ ਜਿਸ ਦੀ ਅਵਾਜ ਮਿੱਠੀ ਅਤੇ ਸੁਰੀਲੀ ਹੋਵੇ। ਅਭਿਆਸ ਦੇ ਨਾਲ ਗਾਇਕ ਇਸ ਘਾਟ ਨੂੰ ਦੂਰ ਕਰਕੇ ਆਪਣੀ ਅਵਾਜ ਨੂੰ ਮਨਮੋਹਕ ਬਣਾ ਸਕਦਾ ਹੈ।

2. **ਇਕਾਗਰ ਚਿੱਤ ਹੋ ਕੇ ਗਾਇਨ ਕਰਨਾ**ਃ ਗਾਇਕ ਦਾ ਇਹ ਮਹੱਤਵਪੂਰਣ ਗੁਣ ਹੈ। ਕਿਉਂਕਿ ਸੰਗੀਤ ਪ੍ਰਦਰਸ਼ਨ ਦੇ ਸਮੇਂ ਵਿਚ ਗਾਇਕ ਨੂੰ ਰਾਗ ਸਵਰੂਪਾ, ਰਾਗਦਰੀ, ਤਾਲ ਦਾ ਧਿਆਨ ਤੇ ਸਰਤਿਆਂ ਤੇ ਪੈਂਦੇ ਪ੍ਰਭਾਵ ਨੂੰ ਦੇਖਣਾ ਹੁੰਦਾ ਹੈ। ਉਸ ਦਾ ਧਿਆਨ ਵੰਡਦੇ ਹੋਏ ਵੀ ਉਸ ਦੀ ਇਕਾਗਰਤਾ ਬਣੀ ਰਹਿੰਦੀ ਹੈ।

3. **ਸਵਾਧੀਨ ਕੰਠ**ਃ ਜਿਸ ਦਾ ਕੰਠ ਖੁੱਲੀ ਆਵਾਵ ਵਾਲਾ ਹੋਵੇ ,ਇਹ ਕੰਠ ਅਭਿਆਸ ਤੇ ਸਾਧਨਾ ਨਾਲ ਹੀ ਹੋ ਸਕਦਾ ਹੈ।

4. **ਤਾਲੇ ਤੇ ਲੌਅ ਦਾ ਗਿਆਨ**: ਇਹ ਗੁਣ ਇਕ ਗਾਇਕ ਵਿਚ ਹੋਣੇ ਜ਼ਰੂਰੀ ਹਨ ਕਿਉਂਕਿ ਬੇਤਾਲਾ ਗਾਇਕ ਕਦੇ ਵੀ ਆਪਣੀ ਕਲਾ ਤੋਂ ਸਰੋਤਿਆਂ ਦਾ ਮਨ ਨਹੀਂ ਮੋਹ ਸਕਦਾ।

5. **ਭਿੰਨ-ਭਿੰਨ ਗਾਇਕੀ ਵਿਚ ਗਾਉਣਾ**: ਜੋ ਖਿਆਲ, ਧਰੁਪਦ, ਧਮਾਰ, ਟੱਪਾ ਆਦਿ ਗਾਇਨ ਸ਼ੈਲੀਆਂ ਵਿਚ ਨਿਪੁੰਨ ਹੋਵੇ। ਜਿਸ ਕਿਸੀ ਗਾਇਨ ਸ਼ੈਲੀ ਦਾ ਪ੍ਰਦਰਸ਼ਨ ਕਰੇ , ਉਸ ਦੇ ਵਿਸਤਾਰ ਤੋਂ ਪੂਰਾ ਗਿਆਤਾ ਹੋਵੇ।

6. **ਪ੍ਰਯੋਗੀ ਲੈਅ**: ਜੋ ਆਪਣੀ ਗਾਇਨ ਨਾਲ ਸੁਣਨ ਵਾਲਿਆਂ ਦਾ ਮਨਮੋਹਨ ਵਿਚ ਮਾਹਿਰ ਹੋਵੇ। ਰਾਗ ਅਤੇ ਰਸ ਦੀ ਰੰਜਕਤਾ ਦਾ ਧਿਆਨ ਰੱਖ ਸਕੇ।

7. **ਗਮਕ**: ਕੁਸ਼ਲ ਗਾਇਕ ਦਾ ਕੰਠ ਤਿੰਨੋਂ ਸਪਤਕਾ ਮੰਦਰ, ਮੱਧ ਤਾਰ ਸਪਤਕ ਦੇ ਸੁਰਾਂਤੇ ਕੁਸ਼ਲਤਾ ਪੂਰਵਕ ਗਾਇਨ ਕਰ ਸਕਦਾ ਹੋਵੇ।

8. **ਅਭਿਆਸ**: ਜੋ ਰਾਗ, ਵਿਸਤਾਰ ਵਿਚ ਤਾਲ, ਅਲਾਪ, ਅੰਕਾਰ, ਬੋਲਤਾਲ ਦਾ ਚੰਗਾ ਅਭਿਆਸ ਕਰਕੇ ਪੇਸ਼ ਕਰੇ ਅਤੇ ਆਪਣੀ ਕਲਾ ਵਿਚ ਨਿਯਮਿਤ ਅਭਿਆਸ ਕਰੇ।

9. **ਸ਼ੁਧ ਸ਼ਬਦ ਉਚਾਰਣ**: ਜਿਸ ਨੂੰ ਸੰਗੀਤ ਦੇ ਨਾਲ ਨਾਲ ਭਾਸ਼ਾ ਤੇ ਸਾਹਿਤ ਦਾ ਵੀ ਗਿਆਨ ਹੋਵੇ, ਜਿਹੜਾ ਸ਼ੁਧ ਸ਼ਬਦ ਉਚਾਰਦਾ ਹੋਵੇ।

10 **ਗੁਰੂ ਪ੍ਰਤੀ ਸ਼ਰਧਾ**: ਇਹ ਗੁਣ ਸਹਾਇਕ ਵਿਚ ਹੋਣਾ ਜ਼ਰੂਰੀ ਹੈ ਜੋ ਕਲਾ ਦੀ ਉਪਾਸਨਾ ਕਰਨ ਵਾਲਾ ਹੋਵੇ ਅਤੇ ਆਪਣੇ ਗੁਰੂ ਪ੍ਰਤੀ ਸ਼ਰਧਾ ਰੱਖਦਾ ਹੋਵੇ।

11 **ਸੰਗੀਤ ਸ਼ਾਸਤਰਕਾਰਾਂ ਦੀ ਜਾਣਕਾਰੀ**: ਜਿਹੜਾ ਸੰਗੀਤ ਨਾਲ ਸਬੰਧਤ ਸ਼ਾਸਤਰਾਂ ਦੀ ਅਤੇ ਸੰਗੀਤ ਦੇ ਮਹਾਨ ਕਲਾਕਾਰਾਂ ਦੇ ਕੰਮਾਂ ਦੀ ਅਤੇ ਜੀਵਨੀ ਦੀ ਜਿਆਦਾ ਤੋਂ ਜਿਆਦਾ ਜਾਣਕਾਰੀ ਰੱਖਦਾ ਹੋਵੇ।

12 **ਵਿਧੀ ਅਨੁਸਾਰ ਸਿੱਖਿਆ**: ਜਿਸ ਨੇ ਵਿਧੀ ਅਨੁਸਾਰ ਸੰਗੀਤ ਦੀ ਸਿੱਖਿਆ ਕਿਸੇ ਗੁਰੂ ਜਾਂ ਅਧਿਆਪਕ ਤੋਂ ਪ੍ਰਾਪਤ ਕੀਤੀ ਹੋਵੇ।

**ਦੋਸ਼ :**

ਜਿਸ ਗਾਇਕ ਵਿਚ ਉਪਰ ਦਰਸਾਏ ਗੁਣ ਨਾ ਹੋਣ ਉਹ ਉਸ ਦੇ ਦੋਸ਼ ਮੰਨੇ ਜਾਂਦੇ ਹਨ:

1. ਦੰਦ ਪੀਸ ਕੇ ਗਾਇਨ ਕਰਨਾ
2. ਜਿਸ ਦੇ ਗਾਇਨ ਵਿਚ ਨੀਰਸਤਾ ਹੋਵੇ।
3. ਡਰਦੇ ਡਰਦੇ ਗਾਉਣਾ
4. ਕੰਬਦੀ ਅਵਾਜ ਜਾਂ ਮੂੰਹ ਫਾੜ ਕੇ ਗਾਉਣਾ
5. ਸੁਰਾਂ ਦਾ ਠੀਕ ਜਗ੍ਹਾ ਤੇ ਨਾ ਲਗਣਾ, ਬੇਸੁਰਾ ਹੋ ਜਾਣਾ
6. ਬੇਤਾਲਾ ਗਾਣਾ, ਗਲੇ ਦੀਆਂ ਨਸਾਂ ਫੁਲਾ ਕੇ ਗਾਣਾ
7. ਮੂੰਹ ਟੇਡਾ ਤੇ ਪੈਰ ਪੱਟ ਕੇ ਗਾਣਾ
8. ਅੱਖਾਂ ਬੰਦ ਕਰਕੇ ਗਾਣਾ
9. ਗਾਉਂਦੇ ਹੋਏ ਵਰਜਿਤ ਸੁਰਾਂ ਦਾ ਲਗਾਉਣਾ
10. ਸ਼ਬਦ ਉਚਾਰਣ ਠੀਕ ਨਾ ਹੋਣਾ
11. ਭਿਆਨਕ ਰੂਪ ਨਾਲ ਮੂੰਹ ਖੋਲ ਕੇ ਗਾਉਣਾ
12. ਨੱਕ ਨਾਲ ਧੁਨੀ ਕੱਢ ਕੇ ਗਾਸਿਕਾ ਤੋਂ ਗਾਉਣਾ

ਪਾਠ-8

# ਥਾਟ ਤੇ ਰਾਗਾਂ ਦੇ ਨਿਯਮਾਂ ਦੀ ਆਪਸੀ ਤੁਲਨਾ

**ਰਾਗ ਦੀ ਪਰਿਭਾਸ਼ਾ**

ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸੱਤ ਸਵਰਾਂ ਦੀ ਉਹ ਸੁੰਦਾਰ ਰਚਨਾ ਜਿਹੜੀ ਕੰਨਾਂ ਨੂੰ ਚੰਗੀ ਲਗੇ, ਉਸ ਨੂੰ ਰਾਗ ਕਹਿੰਦੇ ਹਨ।

ਅਭਿਨਵ ਰਾਗ ਮੰਜਰੀ ਵਿਚ ਇਯ ਦੀ ਪਰਿਭਾਸ਼ਾ ਇਸ ਤਰਾਂ ਦਿੱਤੀ ਗਈ ਹੈ,

'ਸਵਰ ਅਤੇ ਵਰਣ ਨਾਲ ਸਜੀ ਧਵਨੀ ਜਿਹੜੀ ਮਨੁੱਖ ਦਾ ਮਨੋਰੰਜਨ ਕਰੇ ਰਾਗ ਕਹਿਲਾਉਂਦੀ ਹੈ।'

**ਥਾਟ ਦੀ ਪਰਿਭਾਸ਼ਾ**

ਸਪਤਕ ਦੇ 12 ਸਵਰਾਂ ਵਿਚ ਸੱਤ ਕ੍ਰਮਵਾਰ ਮੁੱਖ ਸਵਰਾਂ ਦੇ ਉਸ ਸਵਰ ਸਮੂਹ ਨੂੰ ਥਾਟ ਕਹਿੰਦੇ ਹਨ ਜਿਸ ਤੋਂ ਥ ਪੈਦਾ ਹੁੰਦੇ ਹੋਣ। ਥਾਟ ਨੂੰ ਮੇਲ ਵੀ ਕਿਹਾ ਜਾਂਦਾ ਹੈ।ਅਭਿਨਵ ਰਾਗ ਮੰਜਰੀ ਵਿਚ ਇਯ ਦੀ ਪਰਿਭਾਸ਼ਾ ਇਸ ਤਰਾਂ ਦਿੱਤੀ ਗਈ ਹੈ,

' ਮੇਲ ਜਾਂ ਥਾਟ ਸਵਰਾਂ ਦੇ ਉਸ ਸਮੂਹ ਨੂੰ ਕਹਿੰਦੇ ਹਨ, ਜਿਸ ਵਿਚ ਰਾਗ ਪੈਦਾ ਕਰਨ ਦੀ ਸ਼ਕਤੀ ਹੋਵੇ। '

**ਰਾਗ ਅਤੇ ਥਾਟ ਦੇ ਨਿਯਮਾਂ ਦੀ ਤੁਲਨਾ:**

| | |
|---|---|
| 1. ਰਾਗ ਦੀ ਉੱਤਪਤੀ ਥਾਟ ਤੋਂ ਹੁੰਦੀ ਹੈ। | ਥਾਟ ਦੀ ਉਤਪਤੀ ਸਪਤਕ ਦੇ ਸਭ ਸਵਰਾਂ ਤੋਂ ਹੁੰਦੀ ਹੈ। ਇਹਨਾਂ ਸਵਰਾਂ ਵਿਚ ਕਿਸੇ ਸਵਰ ਦਾ ਸ਼ੁਧ ਜਾਂ ਵਿਕਰਿਤ ਰੂਪ ਪ੍ਰਯੋਗ ਹੋ ਸਕਦਾ ਹੈ |
| 2. ਰਾਗ ਵਿੱਚ ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਸੱਤ ਸਵਰ ਹੋਣੇ ਚਾਹੀਦੇ ਹਨ। ਇਸ ਤੋਂ ਘੱਟ ਜਾਂ ਵੱਧ ਨਹੀਂ। | ਹਰੇਕ ਥਾਟ ਵਿਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸੱਤ ਸਵਰ ਹੀ ਹੋਣੇ ਚਾਹੀਦੇ ਹਨ। ਕਿਉਂਕਿ ਜੇਕਰ ਥਾਟ ਸਮਪੂਰਣ (ਸੱਤ ਸਵਰ) ਨਹੀਂ ਰਹਿੰਦਾ ਤਾਂ ਉਹ ਸੰਪੂਰਣ ਰਾਗਾਂ ਦੀ ਉਤਪਤੀ ਨਹੀਂ ਕਰੇਗਾ। |

| | |
|---|---|
| 3. ਕਿਸੇ ਵੀ ਰਾਗ ਵਿਚ ਸ਼ੜਜ 'ਸ' ਸਵਰ ਕਰਦੇ ਵੀ ਵਰਜਿਤ ਨਹੀਂ ਹੁੰਦਾ ਕਿਉਂਕਿ ਇਹ ਸਪਤਕ ਦਾ ਅਧਾਰ ਸਵਰ (ਾਕਖ ਅਰਵਕ ) ਹੁੰਦਾ ਹੈ। | ਥਾਟ ਸੰਪੂਰਣ ਹੋਣੇ ਚਾਹੀਦੇ ਹਨ ਅਤੇ ਸਵਰ ਵੀ ਕ੍ਰਮ ਅਨੁਸਾਰ ਹੋਣੇ ਚਾਹੀਦੇ ਹਨ। |
| 4. ਰਾਗ ਵਿਚ ਆਰੋਹ ਅਤ ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਸਿਰਫ ਆਰੋਹ ਤੋਂ ਰਾਗ ਦੀ ਪਹਿਚਾਨ ਨਹੀਂ ਹੋ ਸਕਦੀ। | ਕਿਸੇ ਵੀ ਥਾਟ ਵਿਚ ਆਰੋਹ-ਅਵਰੋਹ ਦੋਹਾਂ ਦਾ ਹੋਣਾ ਜ਼ਰੂਰੀ ਨਹੀਂਹੈ ਕਿਉਂਕਿ ਹਰੇਕ ਥਾਟ ਦੇ ਆਰੋਹ-ਅਵਰੋਹ ਵਿਚ ਕੋਈ ਫਰਕ (ਅੰਤਰ) ਨਹੀਂ ਹੁੰਦਾ ਸਿਰਫ ਆਰੋਹ ਜਾਂ ਅਵਰੋਹ ਦੇਖਣ ਤੋਂ ਹੀ ਥਾਟ ਦਾ ਪਤਾ ਲੱਗ ਜਾਂਦਾ ਹੈ। |
| 5. ਹਰੇਕ ਰਾਗ ਵਿਚ 'ਮ' ਐਤ 'ਪ' (ਮੱਧਮ ਅਤੇ ਪੰਚਮ ) ਵਿਚ ਘਟੋ ਘਟ ਇਕ ਸਵਰ ਦਤਾ ਹੋਣਾ ਜਰੂਰੀ ਹੈ। ਦੋਵੇਂ ਸਵਰ ਇਕਠੇ ਕਦੇ ਵੀ ਵਰਜਿਤ ਨਹੀਂ ਹੋ ਸਕਦੇ। ਜੇਕਰ 'ਪ' ਦੇ ਨਾਲ ਸ਼ੁਧ ਮ ਵੀ ਵਰਜਿਤ ਹੈ ਤਾਂ ਉਸ ਰਾਗ ਵਚ ਤੀਵਰ ਮੇ ਲਗੇਗਾ। | ਥਾਟ ਵਿਚ ਇਸ ਤਰਾਂ ਦਾ ਕੋਈ ਨਿਯਮ ਨਹੀਂ ਹੈ। |
| 6. ਰਾਗ ਵਿਚ ਕਿਸੇ ਵੀ ਸਵਰ ਦੇ ਦੋਵੇਂ ਰੂਪ ਇਕਠੇ ਪ੍ਰਯੋਗ ਨਹੀਂ ਹੋਣੇ ਚਾਹੀਦੇ ਜਿਵੇਂ ਕੋਮਲ ਰੇ ਅਤੇ ਸ਼ੁਧ ਰੇ ਜਾਂ ਕੋਮਲ ਗ ਅਤੇ ਸ਼ੁਧ ਗ ਦੋਵੇਂ ਇਕ ਰਾਗ ਵਿਚ ਇਕਠੇ ਨਹੀਂ ਪ੍ਰਯੋਗ ਕਰਨੇ ਚਾਹੀਦੇ ਪਰ ਇਹ ਸੰਭਵ ਹੈ ਕਿ ਆਰੋਹ ਵਿਚ ਸ਼ੁਧ ਪ੍ਰਯੋਗ ਕੀਤਾ ਜਾਵੇ ਅਤੇ ਅਵਰੋਹ ਵਿਚ ਕੋਮਲ ਸਵਰ। | ਥਾਟ ਵਿਚ ਇਸ ਤਰਾਂ ਦਾ ਕੋਈ ਨਿਯਮ ਨਹੀ ਹੈ ਕਿਉਂਕਿ ਥਾਟ ਗਾਏ ਵਜਾਏ ਨਹੀਂ ਜਾਂਦੇ। |
| 7. ਰਾਗ ਵਿਚ ਆਰੋਹ ਅਤੇ ਅਵਰੋਹ ਦੇ ਸਵਰਾਂ ਦੀ ਗਿਣਤੀ ਵਿਚ ਭਿੰਨਤਾ ਕਾਰਣ ਰਾਗ ਦੀਆਂ ਮੁਖ ਤਿੰਨ ਜਾਤੀਆਂ ਅਤੇ ਨੌਂ ਉਪ ਜਾਤੀਆਂ ਹੁੰਦੀਆਂ ਹਨ। | ਥਾਟ ਦੀਆਂ ਕੋਈ ਜਾਤੀਆਂ ਨਹੀਂ ਹੁੰਦੀਆਂ। |

| | |
|---|---|
| 8. ਹਰੇਕ ਰਾਗ ਵਿਚ ਆਰੋਹ ਅਤੇ ਅਵਰੋਹ, ਪਕੜ, ਸਮਾਂ, ਵਾਦੀ, ਸਮਵਾਦੀ ਦਾ ਹੋਣਾ ਜਰੂਰੀ ਹੈ। | ਥਾਟ ਗਾਏ ਵਜਾਏ ਨਹੀਂ ਜਾਂਦੇ ਇਸ ਕਾਰਣ ਸਮਾਂ, ਪਕੜ ਆਦਿ ਦੀ ਜ਼ਰੂਰਤ ਨਹੀਂ ਹੈ। |
| 9. ਰਾਗ ਵਿਚ ਰੰਜਕਤਾ ਦਾ ਹੋਣਾ ਜਰੂਰੀ ਹੈ। | ਇਹਨਾ ਵਿਚ ਰੰਜਕਤਾ ਦੀ ਲੋੜ ਨਹੀਂ ਕਿਉਂਕ ਇਹ ਗਾਏ-ਵਜਾਏ ਨਹੀਂ ਜਾਂਦੇ। |
| 10. ਰਾਗ ਥਾਟ ਤੋਂ ਉਤਪੰਨ (ਪੈਦਾ) ਹੁੰਦੇ ਹਨ ਪਰ ਰਾਗ ਦਾ ਨਾਂ ਸੁਤੰਤਰ ਹੁੰਦਾ ਹੈ,ਭਾਵ ਰਾਗ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ। | ਥਾਟਦਾ ਨਾਮਕਰਣ ਉਸ ਤੋਂ ਨਿਕਲੇ ਕਿਸੀ ਪ੍ਰਸਿੱਧ ਰਾਗ ਦੇ ਨਾਮ ਤੇ ਕਤੀਾ ਜਾਂਦਾ ਹੈ। |
| 11. ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਦਾ ਮੰਨੇ ਗਏ ਹਨ ਇਸ ਲਈ ਹਰ ਰਾਗ ਨੂੰ ਜੰਨਿਅ ਰਾਗ ਕਿਹਾ ਜਾਂਦਾ ਹੈ। ਜੰਨਿਅ ਦਾ ਅਰਥ ਹੈ, 'ਜੋ ਪੈਦਾ ਹੋਇਆ ਹੋਵੇ' | ਹਰੇਕ ਰਾਗ ਕਿਸੀ ਨਾ ਕਿਸੀ ਥਾਟ ਤੋਂ ਪੈਦਾ ਮਨਿਆ ਜਾਂਦਾ ਹੈ। ਇਸ ਲਈ ਹਰੇਕ ਥਾਟ ਨੂੰ ਜਨਕ ਥਾਟ ਕਿਹਾ ਜਾਂਦਾ ਹੈ।'ਜਨਕ' ਦਾ ਅਰਥ ਹੈ ਪਿਤਾ ਜਿਹਨਾਂ ਥਾਟਾਂ ਤੋਂ ਰਾਗ ਪੈਦਾ ਹੋਏ ਹੋਣ। |
| 12. ਥਾਟਾਂ ਦੇ ਅਨੁਸਾਰ ਆਰੋਹ ਅਵਰੋਹ ਕਰਨ ਤੋਂ ਗਣਿਤ ਦੇ ਅਥਾਰ ਤੇ 34848 ਰਾਗਾਂ ਤੀ ਉਤਪਤੀ ਹੋ ਸਕਦੀ ਹੈ ਪਰ ਅੱਕਲ ਪ੍ਰਚਾਰ ਵਿਚ ਸਿਰਫ 150,200 ਰਾਗ ਹੀ ਹਨ। | ਸਪਤਕ ਦੇ ਸ਼ੁਧ ਅਤੇ ਵਿਕ 12 ਸਵਰਾਂ ਤੋਂ ਗਣਿਤ ਦੇ ਅਧਾਰ ਤੇ 72 ਥਾਟਾਂ ਦੀ ਉਤਪਤੀ ਹੋ ਸਕਦੀ ਹੈ। ਹਿੰਦੁਸਤਾਨੀ ਸੰਗੀਤ ਪੱਧਤੀ ਵਿਚ 72 ਥਾਟਾਂ ਵਿਚੋਂ ਕੁਲ 10 ਥਾਟਾਂ ਦਾ ਹੀ ਪ੍ਰਚਲਨ ਹੈ। |

ਪਾਠ-9

# ਪੰਜਾਬ ਦੇ ਲੋਕਸਾਜ

ਸਾਡਾ ਸਮੁੱਚਾ ਸੰਗੀਤ ਸਾਜਾਂ ਦੇ ਸਹਿਯੋਗ ਨਾਲ ਅੱਗੇ ਤੁਰ ਰਿਹਾ ਹੈ। ਪੰਜਾ ਪ੍ਰਾਂਤ ਇਸ ਤਰਾਂ ਦਾ ਪ੍ਰਾਂਤ ਹੈ ਜਿੱਥੇ ਕਈ ਤਿਉਹਾਰ ਜਿਵੇਂ ਸਿਾਖੀ ਲੋਹੜੀ ਸਬੰਤ ਰੁੱਤ ਦਾ, ਵਿਆਹ ਸ਼ਾਦੀਆਂਤੇ ਗਾਏ ਜਾਣ ਵਾਲੇ ਗੀਤ, ਖੁਸ਼ੀ ਤੇ ਪਾਏ ਜਾਣ ਵਾਲੇ ਲੋਕ ਨਾਚ ਜਿਵੇਂ ਗਿੱਧ, ਭੰਗੜਾ, ਮਲਵਈ ਗਿੱਧਾ, ਲੁੱਡੀ, ਗੁਰੂਦੁਆਹਿਰਆਂ ਤੇ ਮੰਦਰਾਂ ਵਿਚ ਉਚਾਰਨ ਕੀਤੇ ਜਾਣ ਵਾਲੇ ਸ਼ਬਦ, ਭਜਨ, ਪੰਜਾ ਦੀਆਂ ਪ੍ਰਸਿੱਧ ਲੋਕ ਕਥਾਵਾਂ ਵਿਜਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਮਲਕੀ ਆਦਿ ਇਹਨਾ ਸਾਰਿਆਂ ਨਾਂ ਭਿੰਨ ਭਿੰਨ ਤਰਾਂ ਦੇ ਲੋਕ ਸਾਜ ਲੈਅ ਤੇ ਤਾਲ ਦੇਣ ਲਈ ਵਰਤੇ ਜਾਂਦੇ ਹਨ। ਇਹ ਸਾਰੇ ਲੋਕ ਸਾਜਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪ੍ਰੰਜਾਬ ਪ੍ਰਾਂਤ ਵਿਚ ਵੀ ਚਾਰ ਤਰਾਂ ਦੇ ਸਾਜ ਵਰਤੇ ਜਾਂਦੇ ਹਨ। ਅਤੇ ਇਹਨਾਂ ਦੇ ਬਹੁਤ ਪ੍ਰਚਲਨ ਵੀ ਹੈ। ਜਿਸ ਵਿਚ ਸਿਤਾਰ ਵੀਣਾ, ਸਾਰੰਗੀ ਤੱਤ ਵਾਦ ਜਾਂ ਭੰਡੀਵਾਦ ਦੀ ਸ਼੍ਰੇਣੀ ਵਿਚ ਆਉਂਦੇ ਹਨ, ਇਹਨਾਂ ਸਾਜਾਂ ਦਾ ਪ੍ਰਯੋਗ ਗਜ ਜਾਂ ਕਿਸੀ ਹੋਰ ਚੀਜ ਨਾਲ ਤਾਰ ਤੇ ਕੀਤਾ ਜਾਂਦਾ ਹੈ। ਦੂਜੀ ਸ਼੍ਰੇਣੀ ਹੈ ਅਵਨਦ ਵਾਦ, ਮਿਜਰਾਬ। ਇਸ ਸ਼੍ਰੇਣੀ ਵਿਚ ਚਮੜੇ ਦੀ ਖਲ ਤੋਂ ਮੜੇ ਸਾਜ ਦੀਆਂ ਹੈ ਜਿਵੇਂ ਢੋਲ, ਢੋਲਕੀ,ਤਬਲਾ ਢੱਡ ਆਦਿ।

ਤੀਸਰੀ ਸ਼੍ਰੇਣੀ ਵਿਚ ਸੁਸ਼ਿਰਵਾਦ ਆਉਂਦੇ ਹਨ। ਇਹਨਾਂ ਵਾਦਾਂ ਵਿਚ ਹਵਾ ਭਰਨ ਤੇ ਧੁੰਨੀ ਪੈਦਾ ਕਰਦੇ ਹਨ ਭਾਵੇਂ ਇਹ ਹਵਾ ਮੂੰਹ ਨਾਲ ਭਰੀ ਜਾਵੇ ਜਾਂ ਹੱਥ ਦਾ ਪ੍ਰਯੋਗ ਕਰਕੇ, ਜਿਵੇਂ ਸੰਸੁਰੀ, ਹਰਮੋਨੀਅਮ, ਸ਼ਹਿਨਾਈ, ਬੀਨ ਆਦਿ, ਚੌਥੀ ਸ਼੍ਰੇਣੀ ਵਿਚ ਘਨਵਾਦ ਆਉਂਦੇ ਹਨ ਜੋ ਆਪਸੀ ਰਗੜ ਤੋਂ ਵਜਦੇ ਹਨ ਜਿਵੇਂ ਖੜਤਾਲ, ਚਿਮਟਾ, ਮੰਜੀਰਾ, ਛੁਣਛੁਣਾ ਆਦਿ। ਇਹਨਾਂ ਚਾਰੋਂ ਸ਼੍ਰੇਣੀ ਦੇ ਲੋਕ ਸਾਜਾਂ ਨਾਲ ਹੀ ਪ੍ਰਜਾਬ ਪ੍ਰਾਂਤ

ਦਾ ਸੰਗੀਤ ਅੱਗੇ ਤੁਰਦਾ ਹੈ। ਇਸ ਲਈ ਇਹਨਾਂ ਸਾਜਾਂ ਨੂੰ ਪਰੰਪਰਿਕ ਢੰਗ ਨਾਲ ਵਜਾਇਆ ਜਾਂਦਾ ਹੈ। ਪੰਜਾਬ ਪ੍ਰਾਂਤ ਵਿਚ ਵਰਤੇ ਜਾਂਦੇ ਕੁਝ ਲੋਕ ਸਾਜਾਂ ਬਾਰੇ ਅਸੀਂ ਗੱਲ ਕਰਾਂਗੇ ਜੋ ਹੇਠ ਲਿਖੇ ਹਨ:

**1) ਢੋਲ:**

ਪੰਜਾਬ ਦੇ ਲੋਕ ਸਾਜਾਂ ਵਿਚੋਂ ਢੋਲ ਬਹੁਤ ਹੀ ਮਹੱਤਵਪੂਰਨ ਸਾਜ ਹੈ। ਇਹ ਸਾਜ ਅਵਨਦ ਸਾਜ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਿੱਥੇ ਢੋਲ ਵੀਰਤਾ ਦਾ ਪ੍ਰਤੀਕ ਹੈ, ਉੱਥੇ ਸਮਾਜਿਕ ਜੀਵਨ ਵਿੱਚ ਵੀ ਉਤਸ਼ਾਹ ਦਾ ਪ੍ਰਤੀਕ ਹੈ। ਇਸ ਦਾ ਪ੍ਰਯੋਗ ਲੋਕਗੀਤ, ਲੋਕਨਾਚ, ਭੰਗੜਾ, ਗਿੱਧਾ, ਲੁੱਡੀ, ਅਖਾੜਿਆਂ ਗੱਤਕੇ ਨਾਲ ਬਹੁਖੂਬੀ ਕੀਤਾ ਜਾਂਦਾ ਹੈ। ਜਦੋਂ ਇਹ ਸਾਜ ਵੱਜਦਾ ਹੈ ਤਾਂ ਆਪ ਮੁਹਾਰੇ ਹੀ ਪੈਰ ਥਿਰਕਣ ਲੱਗ ਜਾਂਦੇ ਹਨ ਅਤੇ ਮੋਡੇ ਫਰਕਣ ਲੱਗ ਜਾਂਦੇ ਹਨ। ਢੋਲ ਅੰਦਰ ਤੋਂ ਖੋਖਲਾ ਹੁੰਦਾ ਹੈ ਅਤੇ ਇਹ ਲੱਕੜੀ ਦਾ ਬਣਿਆ ਹੁੰਦਾ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨ: ਸੱਜਾ ਅਤੇ ਖੱਬਾ। ਇਹ ਦੋਵੇਂ ਹਿੱਸੇ ਬੱਕਰੇ ਦੀ ਖੱਲ ਨਾਲ ਮੜੇ ਹੁੰਦੇ ਹਨ। ਚਮੜੇ ਨੂੰ ਕਸਣ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ। ਸੱਜੇ ਪਾਸੇ ਦੇ ਢੋਲ ਨੂੰ ਉਚ ਸਵਰ ਵਿੱਚ ਅਤੇ ਖੱਬੇ ਪਾਸੇ ਦੇ ਢੋਲ ਨੂੰ ਨੀਵੇਂ ਸਵਰ ਨਾਲ ਮਿਲਾਇਆ ਜਾਂਦਾ ਹੈ। ਸਵਰ ਉੱਚਾ ਨੀਵਾਂ ਕਰਨ ਲਈ ਰੱਸੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹਨਾਂ ਵਿਚ ਛੱਲੇ ਪਾਏ ਜਾਂਦੇ ਹਨ। ਇਹਨਾਂ ਛੱਲਿਆਂ ਨੂੰ ਕਸਣ ਤੇ ਸਵਰ ਉੱਚਾ ਨੀਵਾਂ ਹੁੰਦਾ ਹੈ। ਢੋਲ ਨੂੰ ਰੱਸੀ ਨਾਲ ਪਰੋ ਕੇ ਮੋਢੇ ਤੇ ਰੱਸੀ ਨਾਲ ਲਟਕਾ ਕੇ ਲੱਕੜੀ ਜਾਂ ਬਾਂਸ ਦੀਆਂ ਛੜੀਆਂ ਨਾਲ ਵਜਾਇਆ ਜਾਂਦਾ ਹੈ। ਢੋਲ ਕੇ ਖੱਬੇ ਪਾਸੇ ਹਾਕੀ ਦੀ ਸ਼ਕਲ ਦੀ ਇਕ ਛੜ ਮਾਰੀ ਜਾਂਦੀ ਹੈ ਜਿਸ ਨੂੰ ਡੱਗਾ ਕਹਿੰਦੇ ਹਨ। ਢੋਲ ਤੇ ਕਹਿਰਵਾ ਤਾਲ, ਦਾਦਰਾ, ਭੰਗੜਾ ਤਾਲ ਆਦਿ ਵਜਾਈਆਂ ਜਾਂਦੀਆਂ ਹਨ।

**ਢੋਲਕੀ:**

ਪੰਜਾਬ ਦੇ ਲੋਕ ਗੀਤਾਂ ਵਿਚ ਢੋਲਕੀ ਦਾ ਖਾਸ ਸਥਾਨ ਹੈ। ਪੰਜਾਬ ਦਾ ਕੋਈ ਵੀ ਅਜਿਹਾ ਲੋਕ ਗੀਤੀ ਨਹੀਂ ਜਿਸ ਨਾਲ ਇਹ ਸਾਜ ਨਾ ਵੱਜਦਾ ਹੋਵੇ। ਪੰਜਾਬ ਦਾ

ਪ੍ਰਸਿੱਧ ਲੋਕ ਨਾਚ ਗਿੱਧਾ, ਵਿਆਹ ਸ਼ਾਦੀਆਂ ਤੇ ਗਾਏ ਜਾਣ ਵਾਲੇ ਭਜਨ, ਪ੍ਰਭਾਤਫੇਰੀਆਂ ਵਿਚ, ਗੁਰੂਦੁਆਰਿਆਂ ਵਿਚ ਸ਼ਬਦਾਂ ਦੇ ਨਾਲ ਇਸ ਸਾਜ ਦੀ ਵਰਤੋਂ ਬਖੂਬੀ ਕੀਤੀ ਜਾਂਦੀ ਹੈ। ਢੋਲਕੀ ਸ਼ੀਸ਼ਮ, ਅੰਬ, ਸਾਗਵਾਨ, ਦੇਵਦਾਰ ਆਦਿ ਦੀ ਲੱਕੜੀ ਨੂੰ ਅੰਦਰੋਂ ਖੋਖਲਾ ਕਰਕੇ ਬਣਾਈ ਜਾਂਦੀ ਹੈ। ਇਸ ਦੇ ਦੋ ਹਿੱਸੇ ਹੁੰਦੇ ਹਨः ਸੱਜਾ ਅਤੇ ਖੱਬਾ। ਇਹਨਾਂ ਦੋਹਾਂ ਪਾਸਿਆਂ ਤੇ ਬੱਕਰੇ ਦੀ ਖੱਲ ਮੜੀ ਜਾਂਦੀ ਹੈ ਅਤੇ ਸੂਤ ਦੀਆਂ ਰੱਸੀਆਂ ਵਿੱਚ ਪਿੱਤਲ ਜਾਂ ਲੋਹੇ ਦੇ ਛੱਲੇ ਢੋਲਕੀ ਨੂੰ ਕਸਣ ਜਾਂ ਢਿੱਲਾ ਕਰਨ ਲਈ ਲਗਾਏ ਜਾਂਦੇ ਹਨ। ਢੋਲਕੀ ਦੇ ਸੱਜੇ ਮੂੰਹ ਤੇ ਅੰਦਰ ਖਾਸ ਕਿਸਮ ਦਾ ਮਸਾਲਾ ਲਗਾਇਆ ਜਾਂਦਾ ਹੈ ਜਿਸ ਨਾਲ ਅਵਾਜ ਭਾਰੀ ਨਿਕਲਦੀ ਹੈ। ਢੋਲਕੀ ਨੂੰ ਦੋਨੋ ਹੱਥਾਂ ਦੀਆਂ ਹਥੇਲੀਆਂ ਤੇ ਉਂਗਲੀਆਂ ਦੇ ਸਹਾਰੇ ਵਜਾਇਆ ਜਾਂਦਾ ਹੈ। ਕਈ ਵਾਰ ਵਾਦਕ ਇਸ ਨੂੰ ਹੋਰ ਰੋਚਕ ਬਣਾਉਣ ਲਈ ਅੰਗੂਠੇ ਵਿੱਚ ਛੱਲਾ ਜਾਂ ਗੁੱਟ ਤੇ ਘੁੰਘਰੂ ਬੰਨ ਲੈਂਦੇ ਹਨ ਜਦੋਂ ਢੋਲਕੀ ਵੱਜਦੀ ਹੈ ਤਾਂ ਛੱਲੇ ਤੇ ਘੁੰਘਰੂ ਦੀ ਅਵਾਜ ਬਹੁਤ ਹੀ ਪ੍ਰਭਾਵਸ਼ਾਲੀ ਲਗਦੀ ਹੈ। ਢੋਲਕੀ ਦਾ ਪ੍ਰਯੋਗ ਲੋਕ ਗੀਤ, ਲੋਕ ਗਾਥਾਵਾਂ ਜਿਵੇਂ ਮਲਕੀ, ਮਿਰਜਾ ਸਾਹਿਬਾਂ, ਜੱਗਾ ਆਦਿ ਨਾਲ ਵਜਾਈ ਜਾਂਦੀ ਹੈ।

**ਢੱਡ:**

ਇਸ ਸਾਜ ਦਾ ਪ੍ਰਯੋਗ ਪੰਜਾਬ ਵਿਚ ਬਹੁਤ ਕੀਤਾ ਜਾਂਦਾ ਹੈ। ਇਹ ਸਾਜ ਬਹੁਤ ਹੀ ਪ੍ਰਾਚੀਨ ਸਾਜਾਂ ਵਿਚੋਂ ਇੱਕ ਹੈ। ਇਹ ਡਮਰੂ, ਡਰੂ, ਡਿਮ ਡਿਮ ਆਦਿ ਸਾਜਾਂ ਦੀ ਜਾਤੀ ਵਿਚੋਂ ਹੈ। ਇਸ ਸਾਜ ਦੀ ਸੰਗੀਤ ਸਰੰਗੀ ਸਾਜ ਨਾਲ ਜਿਆਦਾ ਕੀਤੀ ਜਾਂਦੀ ਹੈ। ਜਦੋਂ ਇਹ ਦੋਵੇਂ ਸਾਜ (ਢੱਡ ਅਤੇ ਸਾਰੰਗੀ) ਇੱਕਠੇ ਵੱਜਦੇ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਪੰਜਾਬ ਦੇ ਢਾਡੀ, ਵਾਰਾਂ, ਕਲੀਆਂ, ਕਿੱਸੇ, ਧਾਰਮਿਕ ਗਾਥਾਵਾਂ ਆਦਿ ਨਾਲ ਢੱਡ ਸਾਜ ਵਜਾਇਆ ਜਾਂਦਾ ਹੈ। ਢੱਡ, ਅੰਬ, ਸ਼ਹਿਤੂਤ, ਟਾਲੀ ਜਾਂ ਸ਼ੀਸ਼ਮ ਦੀ ਲੱਕੜੀ ਤੋਂ ਬਣਾਈ ਜਾਂਦੀ ਹੈ। ਇਸ ਦਾ ਵਿਚਕਾਰਲਾ ਭਾਗ ਅੰਦਰ ਨੂੰ ਹੁੰਦਾ ਹੈ। ਇਸ ਦੇ ਦੋਹੇ ਮੂੰਹ ਗੋਲਾਈ ਵਿਚ ਹੁੰਦੇ ਹਨ ਜਿਸ ਉੱਤੇ ਚਮੜੇ ਦੇ ਪੁੜੇ ਚੜਾਏ ਜਾਂਦੇ ਹਨ। ਦੋਹਾਂ ਪਾਸਿਆਂ ਤੋਂ ਸੂਤ ਦੀ ਪਤਲੀ ਰੱਸੀ ਨਾਲ ਸਤ ਅੱਠ ਥਾਵਾਂ ਤੋਂ

ਬੰਨਿਆ ਜਾਂਦਾ ਹੈ। ਇਯ ਵਿਚ ਰੱਸੀ ਵਾਧੂਤੇ ਲੰਬੀ ਰੱਖੀ ਜਾਂਦੀ ਹੈ ਜਿਸ ਨੂੰ ਢੱਡ ਦੇ ਵਿਚਲੇ ਹਿੱਸੇ ਤੋਂ ਲਪੇਟ ਲਿਆ ਜਾਂਦਾ ਹੈ ਤੇ ਫਿਰ ਢੱਡ ਨੂੰ ਵਜਾਂਦੇ ਹੋਏ ਇਸ ਰੱਸੀ ਨੂੰ ਬਾਰ-ਬਾਰ ਖਿੱਚਿਆ ਜਾਂਦਾ ਹੈ ਅਤੇ ਢੱਡ ਢਿੱਲਾ ਕੀਤਾ ਜਾਂਦਾ ਹੈ। ਰੱਸੀ ਦੇ ਖਿੱਚੇ ਜਾਣ ਤੇ ਹੀ ਢੱਡ ਦੇ ਦੋਹਾਂ ਪਾਸਿਆਂ ਦਾ ਚਮੜਾ ਕਸਿਆ ਜਾਂਦਾ ਹੈ ਤੇ ਉਸ ਤੋਂ ਸੁਰ ਪੈਦਾ ਕੀਤਾ ਜਾਂਦਾ ਹੈ।     ਵਾਦਕ ਇਕ ਹੱਥ ਵਿਚ ਢੱਡ ਨੂੰ ਫੜ ਕੇ ਅਤੇ ਦੂਜੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਉਂਦਾ ਹੈ ਤੇ ਬਾਰ-ਬਾਰ ਇਸ ਦੀ ਰੱਸੀ ਦੇ ਸਹਾਰੇ ਸੁਰ ਉੱਚਾ ਤੇ ਨੀਵਾਂ ਕਰਦਾ ਰਹਿੰਦਾ ਹੈ।

## 4. ਸਾਰੰਗੀ

ਜਿਵੇਂ ਸਾਰੰਗੀ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਸੌ ਰੰਗਾਂ ਵਾਲੇ ਇਹ ਪੰਜਾਬ ਦਾ ਪ੍ਰਸਿੱਧ ਸਾਜ ਹੈ। ਇਸ ਨੂੰ ਗੰਭੀਰ ਪ੍ਰਕਿਰਤੀ ਦਾ ਸਾਜ ਮੰਨਿਆ ਗਿਆ ਹੈ। ਇਸ ਦਾ ਢੱਡ ਨਾ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ। ਇਯ ਦਾ ਪ੍ਰਯੋਗ ਵਾਰ, ਲੋਕ ਗਾਥਾ, ਧਾਰਮਿਕ ਗਾਥਾਵਾਂ , ਸ਼ਾਸਤਰੀ ਸੰਗੀਤ, ਲੋਕ ਗੀਤਾਂ ਨਾਲ ਕੀਤਾ ਜਾਂਦਾ ਹੈ। ਸ਼ਾਸਤਰੀ ਸੰਗੀਤ ਵਿਚ ਸਾਰੰਗੀ ਨਾਲ ਤਬਲਾ ਵਜਾਇਆ ਜਾਂਦਾ ਹੈ। ਸਾਰੰਗੀ ਨੂੰ ਲੱਕੜੀ ਨਾਲ ਘੜ ਕੇ ਬਣਾਇਆ ਜਾਂਦਾ ਹੈ ਜਿਸ ਉੱਤੇ ਚਮੜਾ ਮੜ੍ਹ ਦਿੱਤਾ ਜਾਂਦਾ ਹੈ। ਇਸ ਚਮੜੇ ਤੇ ਊਂਠ ਦੀ ਹੱਡੀ ਦੀ ਘੋੜੀ ਟਿਕਾਈ ਜਾਂਦੀ ਹੈ। ਇਸ ਘੋੜੀ ਤੇ ਖੁਟਿਆਂ ਵੱਲੋਂ ਚਮੜੇ ਦੀਆਂ ਚਾਰ ਤਾਰਾਂ ਲਗਾਈਆਂ ਜਾਂਦੀਆਂ ਹਨ। ਸਾਰੰਗੀ ਨੂੰ ਕਮਾਨ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁੰਆਂ ਨਾ;ਲ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਮਰਜੀ ਨਾਲ ਸੁਰ ਕੱਢੇ ਜਾਂਦੇ ਹਨ। ਇਸ ਸਾਜ ਨੂੰ ਵਜਾਉਣਾ ਸੌਖਾ ਨਹੀਂ। ਇਸ ਦੇ ਸਵਰ ਅਭਿਆਸ ਨਾਲ ਹੀ ਕੱਢੇ ਜਾ ਸਕਦਹੇ ਹਨ। ਅੱਜ ਦੇ ਨੌਜਵਾਨ ਇਸ ਨੂੰ ਬਖੂਬੀ ਨਾਲ ਵਜਾ ਰਹੇ ਹਨ। ਅੱਜ ਦੇ ਪ੍ਰਸਿੱਧ ਸਾਰੰਗੀ ਵਾਦਰਾਂ ਵਿਚੋਂ ਮੋਹਨ ਸਿੰਘ, ਸੀਤਲ, ਨਰਾਇਣ ਸਿੰਘ, ਦੀਦਾਰ ਸਿੰਘ, ਪਾਲ ਸਿੰਘ, ਅਮਰ ਸਿੰਘ ਆਦਿ।

**ਨਗਾੜਾ:**

ਇਹ ਇਕ ਅਵਨਦ ਸਾਜ ਹੈ। ਇਸ ਨੂੰ ਬਹੁਤ ਹੀ ਪ੍ਰਾਚੀਨ ਸਾਜ ਮੰਨਿਆ ਜਾਂਦਾ ਹੈ ਕਿਉਂਕਿ ਪਹਿਲਾ ਯੁੱਧਾਂ ਦੀ ਚੇਤਾਵਨੀ ਜਾਂ ਰਾਜੇ ਦੇ ਫੁਰਮਾਨ ਲਈ ਜਨਤਾ ਨੂੰ ਇੱਕਠਾ ਕਰਨ ਲਈ ਜਾਂ ਕੋਈ ਜਨਤਕ ਸੂਚਨਾ ਲਈ ਇਸ ਸਾਜ ਦੀ ਵਰਤੋਂ ਕੀਤੀ ਜਾਂਦੀ ਸੀ। ਇ ਸਾਜ ਤਾਲ ਪ੍ਰਧਾਨ, ਵੀਰ ਰਸ ਦਾ ਪ੍ਰਤੀਕ ਹੈ। ਪ੍ਰਜਾਬ ਵਿਚ ਗੁਰੂਦੁਆਰਿਆਂ ਵਿਚ ਜਾਂ ਧਾਰਮਿਕ ਸਮਾਰੋਹਾਂ ਵਿਚ ਇਸ ਸਾਜ ਦੀ ਵਰਤੋਂ ਕੀਤੀ ਜਾਂਦੀ ਹੈ। ਇਯ ਦਾ ਖੋਲ ਲੋਹੇ ਦੇ ਧਾਤੂ ਤੋਂ ਬਣਿਆ ਹੁੰਦਾ ਹੈ ਅਤੇ ਇਸ ਦੇ ਉੱਪਰ ਮੱਝ ਦੀ ਖੱਲ੍ਹ ਮੜੀ ਹੁੰਦੀ ਹੈ। ਫਿਰ ਇਯ ਨੂੰ ਚਮੜੇ ਦੀਰੱਸੀ ਨਾਲ ਕਸ ਦਿੱਤਾ ਜਾਂਦਾ ਹੈ। ਇਸ ਤੇ ਵੀ ਸੂਤ ਦੀਆਂ ਅੱਠ ਤੋਂ ਦਸ ਬਦਰੀਆਂ ਮੜੀਆਂ ਜਾਂਦੀਆਂ ਹਨ। ਜਿਸ ਨਾਲ ਨਗਾੜੇ ਨੂੰ ਸੁਰ ਦਿੱਤਾ ਜਾਂਦਾ ਹੈ। ਨਗਾੜੇ ਨੂੰ ਤਪਾਈ ਤੇ ਰੱਖ ਕੇ ਦੋ ਡੰਡਿਆਂ ਨਾਲ ਵਜਾਇਆ ਜਾਂਦਾ ਹੈ।

**ਅਲਗੋਜ਼ਾ:**

ਅਲਗੋਜ਼ੇ ਦਾ ਪੰਜਾਬ ਦੇ ਲੋਕ ਨਾਚਾਂ ਅਤੇ ਗੀਤਾਂ ਵਿਚ ਬਹੁਤ ਜਿਆਦਾ ਸਥਾਨ ਹੈ। ਲੋਕ ਨਾਚਾਂ ਅਤੇ ਗੀਤਾਂ ਵਿਚ ਇਹ ਸਾਜ ਚਾਰਚੰਨ ਲਗਾ ਦਿੰਦਾ ਹੈ। ਅਲਗੋਜ਼ਾ, ਬੰਸੁਰੀ, ਸ਼ਹਿਨਾਈ ਦੀ ਜਾਤੀ ਵਿਚੋਂ ਹੈ। ਇਹ ਸਾਜ ਖੋਖਲੇ ਬਾਂਸ ਤੋਂ ਬਣਾਇਆ ਜਾਂਦਾ ਹੈ। ਅਲਗੋਜ਼ੇ ਵਿਚ ਚਾਰ ਤੋਂ ਸੱਤ ਤੱਕ ਛੇਕ ਹੁੰਦੇ ਹਨ, ਉਪਰੋਂ ਇੱਕਠੀ ਫੂਕ ਮਾਰਨ ਤੋਂ ਦੋਹਾਂ ਅਲਗੋਜਿਆਂ ਵਿਚ ਧਵਨੀ ਪੈਦਾ ਹੁੰਦੀ ਹੈ। ਇਹ ਸਾਜ ਦੋਹਾਂ ਹੱਥਾਂ ਤੋਂ ਫੜ ਕੇ ਵਜਾਇਆ ਜਾਂਦਾ ਹੈ। ਦੋਹਾਂ ਅਲਗੋਜਿਆਂ ਦੇ ਭਿੰਨ-ਭਿੰਨ ਉਂਗਲਾਂ ਦਾ ਪ੍ਰਯੋਗ ਕੀਤਾ ਜਾਂਾਦ ਹੈ। ਇਸ ਸਾਜ ਨੂੰ ਸੁਤੰਤਰ ਰੂਪ ਵਿਦਚ ਵਜਾਇਆ ਜਾਂਦਾ ਹੈ। ਇਸ ਸਾਜ ਦਾ ਸਵਰ ਬਹੁਤ ਉੱਚਾ ਹੁੰਦਾ ਹੈ। ਇਸ ਲਈ ਗਾਇਕ ਨੂੰ ਵੀ ਉਚੇ ਸੁਰ ਵਿਚ ਗਾਣਾ ਪੈਂਦਾ ਹੈ। ਇਸ ਉਤੇ ਰੰਗ ਬਿਰੰਗੇ ਧਾਗਿਆਂ ਦੀਆਂ ਗੁੱਤਾਂ ਬਣਾ ਕੇ ਸਜਾਵਟ ਕੀਤੀ ਜਾਂਦੀ ਹੈ। ਪੰਜਾਬ ਵਿਚ ਇਸ ਸਾਜ ਦੀ ਵਰਤੋਂ ਗਿੱਧੇ, ਭੰਗੜੇ ਦੀਆਂ ਬੋਲੀਆਂ ਨਾਲ ਕੀਤੀ ਜਾਂਦੀ ਹੈ।

## ਬੰਸੁਰੀ

ਬੰਸੁਰੀ ਬਹੁਤ ਹੀ ਪ੍ਰਾਚੀਨ ਸਾਜ ਹੈ। ਪੰਜਾਬ ਦੇ ਮੰਦਰਾਂ ਵਿਚ ਲੋਕ ਨਾਚਾਂ, ਲੋਕ ਗਾਥਾਵਾਂ ਵਿਚ ਪ੍ਰਯੋਗ ਕੀਤੀ ਜਾਂਦੀ ਹੈ। ਹੀਰ ਰਾਂਝਾ ਵਿਚ ਬੰਸੁਰੀ ਨੂੰ ਰਾਂਝੇ ਦੀ ਵੰਝਲੀ ਕਿਹਾ ਗਿਆ ਹੈ ਕਿਉਂਕਿ ਰਾਂਝਾ ਆਪ ਬੰਸੁਰੀ ਵਜਾਉਂਦਾ ਸੀ। ਬੰਸੁਰੀ ਬਾਂਸ ਜਾਂ ਹੋਰ ਧਾਤਾਂ ਦੀ ਦੀ ਬਦਾਈ ਜਾਂਦੀ ਹੈ। ਪਰ ਬਾਂਸ ਦੀ ਬੰਸੁਰੀ ਨੂੰ ਚੰਗਾ ਮੰਨਿਆ ਜਾਂਦਾ ਹੈ ਪਰ ਇਹ ਗਰਮੀ ਦੇ ਮੌਸਮ ਵਿਚ ਤਿੜਕ ਕੇ ਫਟ ਜਾਂਦੀ ਹੈ। ਪੰਜਾਬ ਵਿਚ ਬਾਂਸ ਦੀ ਬੰਸੁਰੀ ਹੀ ਪ੍ਰਚਲਿਤ ਹੈ। ਇਸ ਦੇ ਦੋਵੇਂ ਪਾਸੇ ਬਾਂਸ ਦੀ ਗੰਢ ਨਾਲ ਬੰਦ ਹੁੰਦੇ ਹਨ। ਬੰਸੁਰੀ ਦੇ ਖੱਬੇ ਪਾਸੇ ਇਕ ਦੋ ਇੰਚ ਜਗ੍ਹਾ ਛੱਡ ਕੇ ਸੁਰਾਖ ਦਿੱਤੇ ਜਾਂਦੇ ਹਨ। ਇਸ ਰਾਹੀਂ ਵਾਦਕ ਬੰਸੁਰੀ ਵਿਚ ਹਵਾ ਭਰ ਕੇ ਵਾਦਕ ਬੰਸੁਰੀ ਨੂੰ ਦੋਹੇ ਹੱਥਾਂ ਨਾਲ ਵਜਾਉਂਦਾ ਹੈ। ਬੰਸੁਰੀ ਨੂੰ ਫੜਨ ਵਾਸਤੇ ਸੱਜੇ ਹੱਥ ਦੀਆਂ ਉਂਗਲਾਂ ਨੂੰਹੇਠਲੇ ਤਿੰਨ ਸੁਰਾਖਾਂ ਉੱਤੇ ਟਿਕਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਤਿੰਨ ਉਂਗਲਾਂ ਨੂੰ ਉਪਰਲੇ ਤਿੰਨ ਸਰਾਖਾਂ ਉਤੇ ਰੱਖੀਆਂ ਜਾਂਦੀਆਂਹ ਹਨ। ਜਦੋਂ ਸਾਰੇ ਸੁਰਾਖ ਚੰਗੀ ਤਰਾਂ ਬੰਦ ਹੋ ਜਾਂਦੇ ਹਨ ਤਾਂ ਹਲਗੀ ਜਹੀ ਫੂਕ ਲਾਗਈ ਜਾਂਦੀ ਹੈ ਤੇ ਹੇਠਾਂ ਤੋਂ ਇਕ ਇਕ ਸੁਰਾਖ ਖੁਲਦੇ ਜਾਂਦੇ ਹਨ ਤੇ ਸੁਰ ਪੈਦਾ ਕੀਤੇ ਜਾਂਦੇ ਹਨ। ਬੰਸੁਰੀ ਉੱਤੇ ਪੁਰਾਣੇ ਗੀਤਾਂ ਦੀਆਂ ਧੁਨਾਂ, ਲੋਕ ਗੀਤ, ਲੋਕ ਗਾਥਾਵਾਂ, ਹੀਰ ਰਾਂਝਾ, ਸੱਸੀ-ਪੁੰਨੂ, ਮਿਰਜਾ ਸਾਹਿਬਾਂ ਦੇ ਕਿੱਸੇ ਵੀ ਗਾਏ ਜਾਂਦੇ ਹਨ।

## ਤੁੰਬੀ

ਤੁੰਬੀ ਪੰਜਾਬ ਦਾ ਬਹੁਤ ਪ੍ਰਾਚੀਨ ਸਾਜ ਹੈ। ਇ ਸਾਜ ਲੱਕੜ ਜਾਂ ਕੱਦੂ ਨੂੰ ਖੋਖਲਾ ਕਰਕੇ ਬਣਾਇਆ ਜਾਂਦਾ ਹੈ। ਇਸ ਉੱਤੇ ਇੱਕ ਫੁੱਟ ਤੋਂ ਡੇਢ ਫੁੱਟ ਤੱਕ ਦਾ ਲੰਬਾ ਲੱਕੜੀ ਦਾ ਡਾਂਡ ਲਗਾਇਆ ਜਾਂਦਾ ਹੈ। ਖੋਲ ਦੀ ਚੌੜਾਈ 10 ਸੈਂਟੀ ਮੀਟਰ ਤੱਕ ਦੀ ਹੁੰਦੀ ਹੈ। ਖੋਲ ਦੇ ਮੂੰਹ ਤੇ ਚਮੜੇ ਦੀ ਪਤਲੀ ਖੱਲ ਚੜਾਈ ਹੁੰਦੀ ਹੈ। ਡਾਂਡ ਦੇ ਉਪਰਲੇ ਪਾਸੇ ਖੱਬੇ ਹੱਥ ਦੀ ਲਕੜੀ ਤੇ ਇੱਕ ਖੁੰਟੀ ਲਗਾਈ ਜਾਂਦੀ ਹੈ। ਇਯ ਖੂੰਟੀ ਵਿਚੋਂ ਤਾਰ ਨੂੰ ਪਰੋ ਕੇ ਲੱਕੜੀ ਦੀ ਖੋਲ ਵਿਚੋਂ ਨਿਕਲੇ ਵਾਧੂ ਡੰਡੇ ਨਾਲ ਬੰਨੀ ਜਾਂਦੀ ਹੈ। ਚਮੜੇ ਦੀ ਖੱਲ

ਉੱਤੇ ਬਾਂਯ ਜਾਂ ਲਕੜੀ ਦਾ ਇਕ ਟੁਕੜਾ ਰੱਖਿਆ ਜਾਂਦਾ ਹੈਜਿਸ ਨੂੰ ਘੋੜੀ ਕਹਿੰਦੇ ਹਨ। ਖੂੰਟੀ ਨੂੰ ਘੁਮਾਉਣ ਨਾਲ ਅਵਾਜ ਵਿਚ ਉਤਾਰ ਚੜਾਵ ਆਉਂਦਾ ਹੈ । ਇਸ ਸਾਜ ਨੂੰ ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮਿਜਰਾਬ ਪਾ ਕੇ ਵਜਾਇਆ ਜਾਂਦਾ ਹੈ। ਪੰਜਾਬੀ ਲੋਕ ਗੀਤ਼ਾਂ ਵਿਚ ਜੋ ਥਾਨ ਇਯ ਸਾਜ ਨੂੰ ਹੈ ਸ਼ਾਇਦ ਹੀ ਕਿਸੇ ਹੋਰ ਸਾਜ ਨੂੰ ਪ੍ਰਾਪਤ ਹੋਵੇ।

## ਚਿਮਟਾ

ਚਿਮਟਾ ਇਕ ਪ੍ਰਸਿੱਧ ਲੋਕ ਸਾਜ ਹੈ। ਇਸ ਾਜ ਨੂੰ ਭਜਨ ਭੰਗੜੇ ਕੀਰਤਨ, ਨਗਰ ਕੀਰਤਨ ਪ੍ਰਭਾਤ ਫੇਰੀ ਵਿਚ ਪ੍ਰਯੋਗ ਕੀਤਾ ਜਾਂਦ ਹੈ। ਚਿਮਟੇ ਦੀ ਲੰਬਾਈ 4 ਫੁੱਟ ਤੱਕ ਦੀ ਹੁੰਦੀ ਹੈ ਅਤੇ ਇਹ ਲੋਹੇ ਦਾ ਹੁੰਦਾ ਇਸ ਦੇ ਉਪਰਲੇ ਪਾਸੇ ਲੋਹੇ ਦਾ ਇਕ ਗੋਲ ਕੜਾ ਪਾਇਆ ਜਾਂਦਾ ਹੈ। ਇਸ ਕੜੇ ਨੂੰ ਖੱਬੇ ਹੱਥ ਨਾਲ ਚਿਮਟੇ ਤੇ ਮਾਰਿਆ ਜਾਂਦਾ ਹੈ ਅਤੇ ਸੱਜੇ ਹੱਥ ਨਾਲ ਦੋਨਾਂ ਪਤਰਿਆਂ ਨੂੰ ਆਪਸ ਵਿਚ ਰਗੜਿਆ ਜਾਂਦਾ ਹੈ। ਚਿਮਟੇ ਦੇ ਦੋਨੋ ਪਤਰਿਆਂ ਵਿਚ ਸੱਤ ਤੋਂ ਅੱਠ ਜਗਾਂ ਤੇ ਲੋਹੇ ਜਾਂ ਪਿੱਤਲ ਦੇ ਛੱਲੇ ਲਗਾਏ ਜਾਂਦੇ ਹਨ ਜੋ ਦੋਨਾਂ ਪਤਰਿਆਂ ਨੂੰ ਆਪਸ ਵਿਚ ਟਕਰਾਇਆ ਜਾਂਦਾ ਹੈ ਅਤੇ ਬਹੁਤ ਧੁਨੀ ਨਿਕਲਦੀ ਹੈ। ਵੱਡੇ ਚਿਮਟੇ ਦੇ ਅਕਾਰ ਦੇ ਛੈਣੇ ਦਿਹਾਤੀ ਵਜੋ ਨਾਲ ਅਤੇ ਛੋਟੇ ਅਕਾਰ ਦੇ ਛੈਣੇ ਵਾਲੇ ਚਿਮਟਿਆਂ ਦੀ ਵਰਤੋਂ ਭੰਗੜੇ, ਕੀਰਤਨ ਤੇ ਭਜਨ ਆਦਿ ਨਾਲ ਕੀਤੀ ਜਾਂਦੀ ਹੈ। ਕਈ ਨੌਜਵਾਨ ਭੰਗੜੇ ਵਿਚ ਇਕ ਹੱਥ ਨਾਲ ਵਜਾਉਂਦੇ ਹਨ ਅਤੇ ਆਪ ਵੀ ਜੋਸ਼ ਵਿਚ ਆਉਂਦੇ ਹਨ।

## ਖੜਤਾਲ:

ਖੜਤਾਲ ਨੂੰ ਖਰਤਾਲ ਦੇ ਨਾਲ ਵੀ ਜਾਣਿਆ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਸਾਧੂ ਸੰਤ ਇਯ ਸਾਜ ਦੀ ਵਰਤੋਂ ਕਰਦੇ ਸਨ ਅਤੇ ਨਾਲ ਭਜਨ ਉਚਾਰਨ ਕਰਦੇ ਸਨ। ਨਾਰਦਮੁਨੀ ਦੇ ਹੱਥ ਵਿਚ ਖੜਤਾਲ ਵੇਖਣ ਨੂੰ ਮਿਲਦੀ ਹੈ। ਪੰਜਾਬ ਵਿਦਚ ਇਸ ਸਾਜ ਦੀ ਵਰਤੋਂ ਮੰਦਰਾਂ ਗੁਦੂਦੁਆਰਿਆਂ ਵਿਚ ਭਜਨ ਤੇ ਕਕੀਰਤਨ ਨਾਲ ਕੀਤੀ ਜਾਂਦੀ

ਹੈ। ਇਹ ਲਕੜੀ ਦੇ ਟੁਕੜੇ ਤੋਂ ਬਣਾਈ ਜਾਂਦੀ ਹੈ। ਇਹਨਾਂ ਵਿਚ ਪਿੱਤਲ ਜਾਂ ਲੋਹੇ ਦੇ ਗੋਲ ਅਕਾਰ ਦੇ ਛੱਲੇ ਲਗਾਏ ਜਾਂਦੇ ਹਨ। ਇਹ ਸਾਜ ਇਕ ਹੀ ਹੱਥ ਵਿਚ ਫੜ ਕੇ ਵਜਾਇਆ ਜਾਂਦਾ ਹੈ। ਇਸ ਸਾਜ ਵਿਚ ਅੰਗੂਠਾ ਪਾਉਣ ਦੀ ਥਾਂ ਹੁੰਦੀ ਹੈ। ਤੇ ਦੂਜੇ ਪਾਸੇ ਚਾਰ ਉਂਗਲੀਆਂ ਪਾਉਣ ਦੀ ਥਾਂ ਹੁੰਦੀਹੈ। ਇਹਨਾਂ ਦੋਹਾਂ ਟੁਕੜਿਆਂ ਨੂੰ ਆਪਸ ਵਿਚ ਖੜਕਾਉਂਛ ਤੇ ਅਵਾਜ ਨਿਕਲਦੀ ਹੈ। ਕਿਹਾ ਜਾਂਦਾ ਹੈ ਕਿ ਮੀਰਾ ਬਾਈ ਨੇ ਖੜਤਾਲ ਨਾਲ ਭਜਨ ਕੀਰਤਨ ਕਰਦਿਆਂ ਮੁਕਤੀ ਪ੍ਰਾਪਤ ਕੀਤੀ।

## ਸੱਪ

ਪੰਜਾਬ ਦੇ ਲੋਕ ਨਾਚ ਭੰਗੜੇ ਦਾ ਇਹ ਇਕ ਮੁੱਖ ਸਾਜ ਹੈ। ਇਸ ਨੂੰ ਸੱਪ ਇਸ ਲਈ ਕਹਿੰਦੇ ਹਨ ਕਿਉਂਕਿ ਇਸ ਦੀ ਬਨਾਵਟ ਸੱਪ ਵਰਗੀ ਹੁੰਦੀ ਹੈ। ਇਹ ਸਾਜ ਸਿਰਫ ਪੰਜਾਬ ਵਿਚ ਹੀ ਵਰਤਿਆ ਜਾਂਦਾ ਹੈ। ਸੱਪ ਦੀ ਉਤਪਤੀ ਲੋਕਾਂ ਦੇ ਸੁਭਾ ਤੇ ਲੋੜ ਅਨੁਸਾਰ ਹੀ ਹੋਈ ਹੈ। ਇਸ ਸਾਜ ਦੀ ਅਵਾਜ ਇਸ ਤਰਾਂ ਦੀ ਹੈ ਕਿ ਜਿਵੇਂ ਕੁਝ ਵਿਅਕਤੀਆਂ ਨੇ ਇੱਕਠੇ ਤਾੜੀ ਮਾਰੀ ਹੋਵੇ। ਇਹ ਇਕ ਘਣ ਤੇ ਤਾਲ ਪ੍ਰਧਾਨ ਸਾਜ ਹੈ। ਇਸ ਸਾਜ ਦੀ ਬਣਤਰ ਬੱਚਿਆਂ ਵਲੋਂ ਖੇਡੀ ਜਾਣ ਵਾਲੀ ਸੱਪ ਖੇਡ ਨਾਲ ਮਿਲਦੀ ਜੁਲਦੀ ਹੈ। ਇਸ ਸਾਜ ਵਿਚ ਲਕੜੀ ਦੀਆਂ ਖੜੀਆਂ ਤੇ ਚਪਟੀਆਂ ਫਟੀਆਂ ਹੁੰਦੀਆਂ ਹਨ। ਇਹਨਾਂ ਫੱਟੀਆਂ ਦੀ ਲੰਬਾਈ ਤਕਰੀਬਨ ਡੇਢ ਫੁੱਟ ਤੇ ਚੌੜਾਈ ਇਕ ਇੰਚ ਹੁੰਦੀ ਹੈ। ਫੱਟੀਆਂ ਦੀ ਮੋਟਾਈ ਪੌਣੀ ਇੰਚ ਹੁੰਦੀ ਹੈ। ਸੱਪ 28 ਸੈਂਟੀਮੀਟਰ ਦੀ ਲੰਬਾਈ ਵਿਚ ਹੁੰਦਾ ਹੈ ਜਿੱਥੇ ਦੋ ਫੱਟੀਆਂ ਦਾ ਸਪਰਸ਼ ਹੁੰਦਾ ਹੈ ਉਥੇ ਛੇਕ ਕੱਢੇ ਜਾਂਦੇ ਹ਼ਨ। ਮੋਟੇ ਕਿੱਲ ਜਾਂ ਸਰੀਆ ਪਾ ਕੇ ਉਪਰੋਂ ਰੰਗ ਕਰ ਦਿੱਤਾ ਜਾਂਦਾ ਹੈ। ਸੱਪ ਦੀਆਂ ਫੱਟੀਆਂ ਦੀ ਗਿਣਤੀ 8 ਤੋਂ 24 ਤੱਕ ਹੋ ਸਕਦੀ ਹੈ। ਇਹ ਫੱਟੀਆਂ ਟਾਹਲੀ ਦੀ ਲਕੜੀ ਦੀਆਂ ਹੁੰਦੀਆਂ ਹਨ । ਉਪਰ ਸੱਪ ਦੀਆਂ ਅੱਖਾਂ ਨੂੰ ਜੀਭ ਦਿਖਾਈ ਜਾਂਦੀ ਹੈ। ਉਸ ਨੂੰ ਹੋਰ ਸੋਹਣਾ ਬਣਾਉਣ ਲਈ ਸੱਪ ਦੇ ਗਲ ਵਿਚ ਰੰਗਦਾਰ ਧਾਗੇ ਪਰੋਏ ਜਾਂਦੇ ਹਨ। ਭੰਗੜੇ ਵਿਚ ਜਦੋਂ ਗਭਰੂ ਇਸ ਦਾ ਪ੍ਰਯੋਗ ਕਰਦੇ ਹਨ ਤਾਂ ਉਹ ਕੈਂਚੀ ਵਾਂਗ ਖੁਲਦਾ ਅੱਗੇ ਦੀ ਕ੍ਰਿਆ ਤਾਲ ਦੀ ਬੀਟ ਨਾਲ ਕਰਦਾ ਹੈ।

## ਕਾਟੋ

ਪੰਜਾਬ ਦੇ ਲੋਕ ਨਾਚ ਵਿਚ ਕਾਟੋ ਸਾਜ ਦਾ ਇਕ ਵੱਖਰਾ ਹੀ ਸਥਾਨ ਹੈ। ਇਸ ਦਾ ਰੂਪ ਸਿਰਫ ਪੰਜਾਬ ਪ੍ਰਾਂਤ ਵਿਚ ਹੀ ਦੇਖਣ ਨੂੰ ਮਿਲਦਾ ਹੈ। ਕਾਟੋ ਤਾਲ ਪ੍ਰਧਾਨ ਸਾਜ ਹੈ ਜਿਵੇਂ ਪੰਜਾਬੀ ਸੰਗੀਤ ਵਿਚ ਢੱਡ ਸਾਰੰਗੀ ਦੀ ਜੋੜੀ ਹੈ ਉਸ ਤਰਾਂ ਪੰਜਾਬ ਦੇ ਨਾਚ ਭੰਗੜੇ ਵਿਚ ਸੱਪ ਕਾਟੋ ਦੀ ਜੋੜੀ ਮਸਹੂਰ ਹੈ, ਭੰਗੜੇ ਵਿਚ ਜਦ ਤੱਕ ਇਹਨਾਂ ਦੋਹਾਂ ਸਾਜਾਂ ਦਾ ਪ੍ਰਯੋਗ ਨਾ ਕੀਤਾ ਜਾਵੇ ਉਦੋਂ ਤੱਕ ਭੰਗੜਾ ਪੂਰਨ ਨਹੀਂ ਮੰਨਿਆ ਜਾਂਦਾ। ਕਾਟੋ ਦੀ ਸਕਲ ਲਕੜੀ ਦਾ ਟੁਕੜਾ ਲੈ ਕੇ ਘੜੀ ਜਾਂਦੀ ਹੈ ਤੇ ਉਸ ਦੀਆਂ ਪੈਰਾਂ ਤੇ ਅੱਖਾਂ ਤੇ ਕੋਕੇ ਜੜੇ ਜਾਂਦਾੇ ਹਨ ਤੇ ਜਿੱਥੇ ਕਾਟੋ ਦਾ ਮੂਹ ਖੁੱਲਦਾ ਹੈ ਉਸ ਨੂੰ ਕਈ ਰੰਗਾਂ ਨਾਲ ਸਜਾਇਆ ਜਾਂਦਾ ਹੈ। ਕਾਟੋ ਨੂੰ ਹੋਰ ਖੂਬਸੂਰਤ ਬਣਾਉਣ ਲਈ ਗਲੇ ਵਿਚ ਰੰਗਦਾਰ ਰਿਬਨ ਤੇ ਪੂੰਛ ਤੇ ਨਿੱਕੇ ਨਿੱਕੇ ਘੁੰਘਰੂ ਬੰਨੇ ਜਾਂਦੇ ਹਨ। ਕਾਟੋ ਨੂੰ ਇਕ ਰੰਗ ਦਾਰ ਡੰਡੇ ਤੇ ਬੰਨਿਆ ਜਾਂਦਾ ਹੈ। ਜਿਸ ਡੰਡੇ ਤੇ ਬੰਨ ਕੇ ਲਾਲ ਧਾਗਾ ਪਰੋਇਆ ਜਾਂਦਾ ਹੈ। ਜਦੋਂ ਇਸ ਧਾਗੇ ਨੂੰ ਖਿਚਿਆ ਜਾਂਦਾ ਹੈ ਤਾਂ ਕਾਟੋ ਆਪ ਮੁਹਾਰੇ ਨੱਚ ਉੱਠਦੀ ਹੈ। ਇਸ ਤਰਾਂ ਘੁੰਘਰੂਆਂ ਦੀ ਤਾਲ ਉ;ੱਤੇ ਕਾਟੋ ਕਦੇ ਉਪਰ ਤੇ ਕਦੇ ਹੇਠਾਂ ਨੱਚਦੀ-ਟੱਪਦੀ ਫਿਰਦੀ ਹੈ ਤੇ ਦਰਸਕਾਂ ਦਾ ਮਨੋਰੰਜਨ ਕਰਦੀ ਹੈ।

## ਡਫਲੀ

ਖੜਤਾਲ, ਖੰਜਰੀ ਦੀ ਸ੍ਰੇਣੀ ਵਿਚ ਡਫਲੀ ਦਾ ਆਪਣਾ ਹੀ ਸਥਾਨ ਹੈ। ਲੋਕ ਗੀਤਾਂ ਖਾਸ ਕਰਕੇ ਗੁਰਦਾਸ ਮਾਨ ਦੀ ਡਫਲੀ ਤਾਂ ਪੰਜਾਬ ਵਿਚ ਬਹੁਤ ਪ੍ਰਸਿੱਧ ਹੈ। ਗੋਲ ਅਕਾਰ ਵਿਚ ਲੋਹੇ ਦੀ ਪੱਤੀ ਲ

ਾਈ ਜਾਂਦੀ ਹੈ ਜਿਸ ਵਿਚ ਛੇ ਤੋਂ ਅੱਠ ਜਗ੍ਹਾ ਤੇ ਛੇਕ ਕਰਕੇ ਛੱਲੇ ਪਰੋਏ ਜਾਂਦੇ ਹਨ ਤੇ ਇਸ ਗੋਲਾਕਾਰ ਤੇ ਚਮੜਾ ਮੜਿਆ ਜਾਂਦਾ ਹੈ ਤੇ ਇਸ ਸਾਜ ਨੂੰ ਤਾਲ ਦੇਣ ਲਈ ਵਰਤਿਆ ਜਾਂਦਾ ਹੈ। ਇਹ ਛੋਟੇ ਤੇ ਵੱਡੇ ਦੋਹਾਂ ਅਕਾਰ ਵਿਚ ਮਿਲਦੇ ਹਨ। ਇਸ ਸਾਜ ਨੂੰ ਖੱਬੇ ਹੱਥ ਨਾਲ ਫੜ ਕੇ ਤੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਹਥੇਲੀਆਂ ਦਾ ਪ੍ਰਯੋਗ ਕੀਤਾ ਜਾਂਦਾ

ਹੈ। ਜਦੋਂ ਹੱਥਾਂ ਨਾਲ ਛੈਣਿਆਂ ਦੀ ਅਵਾਜ ਨਿਕਲਦੀ ਹੈ ਤਾਂ ਉਹ ਬਹੁਤ ਮਨਮੋਹਕ ਲਗਦੀ ਹੈ।

**ਘੜਾ:**

ਇਸ ਸਾਜ ਦੀ ਵਰਤੋਂ ਵੀ ਪੰਜਾਬ ਦੇ ਲੋਕ ਗੀਤਾਂ ਨਾਲ ਜਗਰਾਤਿਆਂ ਤੇ ਭਜਨ ਉਚਾਰਨ ਵੇਲੇ ਕੀਤੀ ਜਾਂਦੀ ਹੈ। ਪੰਜਾਬ ਵਿਚ ਮਹੀਵਾਲ ਦਾ ਘੜਾ ਬਹੁਤ ਮਸ਼ਹੂਰ ਹੈ। ਘੜੇ ਦਾ ਅਕਾਰ ਹੇਠਾਂ ਤੋਂ ਗੋਲ ਤੇ ਉਪਰੋਂ ਛੋਟਾ ਮੂੰਹ ਹੁੰਦਾ ਹੈ। ਘੜਾ ਮਿੱਟੀ, ਕਾਂਸੇ ਜਾਂ ਪਿੱਤਲ ਦਾ ਵੀ ਹੋ ਸਕਦਾ ਹੈ। ਇਸ ਨੂੰ ਸਜਾਉਣ ਲਈ ਰੰਗ ਕਰਕੇ ਉਪਰ ਬੇਲ ਬੂਟੇ ਵੀ ਪਾਏ ਜਾਂਦੇ ਹਨ। ਇਸ ਸਾਜ ਨੂੰ ਵਾਦਕ ਆਪਣੀ ਗੋਦੀ ਵਿਚ ਰੱਖ ਕੇ ਜਾਂ ਛੋਟੇ ਜਹੇ ਵਿੰਨੂ (ਜੋ ਗੋਲ ਅਕਾਰ ਵਿਚ ਕੱਪੜੇ ਦੀ ਲੀਰਾਂ ਦਾ ਬਣਿਆ ਹੁੰਦਾ ਹੈ। ਉਪਰ ਆਪਣੇ ਅੱਗੇ ਰੱਖਕੇ ਅਤੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਅੰਗੂਠੇ ਵਿਚ ਉੱਪਰ ਵਾਲੇ ਪਾਸੇ ਲੋਹੇ ਜਾਂ ਪਿੱਤਲ ਦੇ ਛੱਲੇ ਪਾ ਕੇ ਤਾਲ ਦੇ ਕੇ ਵਜਾਇਆ ਜਾਂਦਾ ਹੈ ਤੇ ਖੱਬਾ ਹੱਥ ਨਾਲ ਨਾਲ ਕਦੇ ਘੜੇ ਦੇ ਖੱਬੇ ਹੱਥ ਛੱਲਿਆਂ ਦੀ ਸਹਾਇਤਾ ਲਾਂਲ ਤੇ ਵਿਚ ਵਿਚ ਘੜੇ ਦੇ ਮੂੰਹ ਤੇ ਖੱਬਾ ਹੱਥ ਮਾਰ ਕੇ ਵਜਾਇਆ ਜਾਂਦਾ ਹੈ।

ਪਾਠ-10

# ਜੀਵਨੀ ਤਾਨਸੇਨ

ਤਾਨਸੇਨ ਦੇ ਨਾਂ ਨੂੰ ਭਾਰਤ ਵਿਚ ਖਾਸ ਕਰ ਉੱਤਰ ਭਾਰਤ ਦੇ ਸਾਰੇ ਸੰਗੀਤ ਪ੍ਰੇਮੀ ਚੰਗੀ ਤਰਾਂ ਜਾਣੂ ਹਨ। ਤਾਨਸੇਨ ਸੰਗੀਤ ਜਗਤ ਦੇ ਮਹਾਂਪੁਰਖ ਸਨ। ਜਦ ਤੱਕ ਸੰਗੀਤ ਦਾ ਆਦਰ ਹੁੰਦਾ ਰਹੇਗਾ ਤਦ ਤੱਕ ਤਾਨਸੇਨ ਦੀ ਕੀਰਤੀ ਕਥਾ ਹੁੰਦੀਰਹੇਗੀ।

ਯੁਵਾ ਅਵਸਥਾ ਵਿਚ ਤਾਨਸੇਨ ਨੇ ਜਿਹੜੀ ਸਿੱਖਿਆ ਸਵਾਮੀ ਹਰੀਦਾਸ ਜੀ ਤ ਪ੍ਰਾਪਤ ਕੀਤੀ ਉਸ ਨਾਲ ਤਾਨਸੇਨ ਜੀ ਈਸ਼ਵਰ-ਵਾਦੀ ਹੋ ਗਏ। ਇਸੇ ਕਾਰਣ ਉਹਨਾਂ ਨੇ ਸੰਗੀਤ ਨੂੰ ਧਰਮ ਸਾਧਨਾਦੇ ਰੂਪ ਵਿਚ ਗ੍ਰਹਿਣ ਕੀਤਾ। ਕਠਿਨ ਸਾਧਨਾ ਕਰਨ ਤੋਂ ਬਾਅਦ ਆਖਿਰ ਜਦੋਂ ਉਹਨਾਂ ਨੂੰ ਗਿਆਨ ਪ੍ਰਾਪਤ ਹੋਇਆ ਤਾਂ ਉਹ ਖੁਸ਼ੀ ਵਿਚ ਇਹ ਗਾ ਉਠੇ:

ਪਿਆਰੇ ਤੂੰ ਹੀ ਬ੍ਰਹਮ, ਤੂੰ ਹੀ ਵਿਸ਼ਣੂ
ਤੂੰ ਹੀ ਸ਼ੇਸ਼ ਤੂੰ ਹੀ ਮਹੇਸ਼
ਤੂੰ ਹੀ ਆਦ, ਤੂੰ ਹੀ ਅਨਾਦ
ਤੂ ਹੀ ਨਾਦ, ਤੂੰ ਹੀ ਗਣੇਸ਼

ਅਬਦੁਲ ਫਜ਼ਲ ਨੇ ਆਇਨੇ ਅਕਬਰੀ ਵਿਚ ਲਿਖਿਆ ਹੈ ਕਿ ਤਾਨਸੇਨ ਜਿਹਾ ਗਾਇਕ ਸਾਲਾਂ ਵਿਚ ਵੀ ਨਹੀਂ ਪੈਦਾ ਹੋਇਆ।

ਤਾਨਸੇਨ ਦੇ ਪਿਤਾ ਦਾ ਨਾਂ ਮੁਕੰਦਰਾਮ ਪਾਂਡੇ ਸੀ। ਮੁਕੰਦਰਾਮ ਜੀ ਬਹੁਤ ਬੜੇ ਗਾਇਕ ਸਨ। ਵਾਰਾਣਸੀ ਵਿਚ ਸੰਗੀਤ ਗਾਇਨ ਤੇ ਪੂਜਾ ਪਾਠ ਤੋਂ ਰੋਜੀ ਰੋਟੀ ਚੱਲਦੀ। ਉਹਨਾਂ ਕੋਲ ਬਹੁਤ ਧਨ ਦੌਲਤ ਹੋਣ ਤੇ ਬਾਵਜੂਦ ਉਹ ਦੁਖੀ ਰਹਿੰਦੇ ਸਨ ਕਿਉਂਕਿ ਉਹਨਾਂ ਦੀ ਕੋਈ ਵੀ ਸੰਤਾਨ ਜਿੰਦਾ ਨਹੀਂ ਸੀ ਰਹਿੰਦੀ। ਆਖਿਰ ਗਵਾਲੀਅਰ ਦੇ ਹਜਰਤ ਮੁਹੰਮਦ ਗੌਸ ਨਾਂ ਦੇ ਸਿੱਧ ਪੀਰ ਦੇ ਆਸ਼ੀਰਵਾਦ ਤੋਂ ਇਕ ਬਾਲਕ ਪੈਦਾ ਹੋਇਆ ਜਿਸ ਦਾ ਨਾਂ ਰਾਮਤੱਨੁ (ਤੱਨਾ) ਰੱਖਿਆ ਗਿਆ। ਰਾਮਤੱਨੁ ਦਾ ਜਨਮ 1506 ਈ ਵਿਚ ਹੋਇਆ। ਕੁਝ ਵਿਦਵਾਨ 1532 ਈ ਵਿਚ ਮੰਨਦੇ ਹਨ।

ਇੱਕਲੀ ਸੰਤਾਨ ਹੋਣ ਤੇ ਕਾਰਣ ਤਾਨਸੇਨ ਦਾ ਪਾਣ ਪੋਸ਼ਣ ਬੜੇ ਲਾਡ ਪਿਆਰ ਨਾਲ ਹੋਹਿਟਾ, ਇਸੇ ਕਾਰਣ ਬਚਪਨ ਤੋਂ ਹੀ ਬੜੇ ਨਟਖਟ ਸਨ। ਪੜਨ ਵਿਚ ਬਿਲਕੁਲ ਮਨ ਨਹੀਂ ਸੀ, ਸਾਰਾ ਦਿਨ ਖੇਤਾਂ, ਜੰਗਲਾਂ ਵਿਚ ਗਾਵਾਂ ਚਰਾਂਦੇ ਰਹਿੰਦੇ ਪਰ ਉਹਨਾਂ ਵਿਚ ਅਵਜਾਰ ਦੀ ਨਕਲ ਹੂ-ਬ-ਹੂ ਉਤਾਰਨ ਦੀ ਵੱਡੀ ਮੁਹਾਰਤ ਸੀ। ਇਕ ਦਿਨ ਸੰਜੋਗ ਨਾਲ ਸ਼ੇਰ ਦੀ ਅਵਾਜ ਕੱਢ ਕੇ ਸੁਆਮੀ ਹਰੀਦਾਸ ਤੇ ਉਹਨਾਂ ਦੀ ਸ਼ਿਸ਼ ਮੰਡਲੀ ਨੂੰ ਡਰਾਉਣ ਨਾਲ ਤਾਨਸੇਨ ਦੀ ਮੁਲਾਕਾਤ ਸੁਆਮੀ ਜੀ ਨਾਲ ਹੋਈ। ਜਿਹੜੇ ਇਹਨਾਂ ਦੀ ਪ੍ਰਤਿਭਾ ਤੋਂ ਬਹੁਤ ਹੀ ਪ੍ਰਸੰਨ ਹੋਏ ਅਤੇ ਤਾਨਸੇਨ ਨੂੰ ਸੰਗੀਤ ਸਿੱਖਿਆ ਦੇਣ ਲਈ ਆਪਣੇ ਨਾਲ ਵਰਿੰਦਾਵਨ ਲੈ ਗਏ। ਇਸ ਤਰਾਂ ਤਾਨਸੇਨ ਨੇ ਵਰਿੰਦਾਵਨ ਰਹਿ ਕੇ 10 ਸਾਲਾਂ ਤੱਕ ਸੁਆਮੀ ਹਰੀਦਾਸ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਇਸੇ ਦੌਰਾਨ ਆਪਣੇ ਪਿਤਾ ਦੀ ਬਿਮਾਰੀ ਦੀ ਖਬਰ ਸੁਣ ਵਾਪਿਸ ਗਵਾਲੀਅਰ ਆ ਗਏ। ਪਿਤਾ ਦੀ ਮੌਤ ਤੋਂ ਬਾਅਦ ਉਹਨਾਂ ਦੀ ਇੱਛਾ ਅਨੁਸਾਰ ਮਹੰਮਦ ਗੌਸ ਨੂੰ ਪਿਤਾ ਦਾ ਦਰਜਾ ਦਿੱਤਾ।

ਗਵਾਲੀਅਰ ਵਿਚ ਰਹਿ ਕੇ ਇਹਨਾਂ ਦੀ ਜਾਣ ਪਛਾਣ ਰਾਜਾ ਮਾਨ ਸਿੰਘ ਦੀ ਵਿਧਵਾ ਰਾਣੀ ਮ੍ਰਿਗਨੈਣੀ ਨਾਲ ਹੋਈ ਜੋ ਇਕ ਵਧੀਆ ਗਾਇਕਾ ਸੀ। ਤਾਨਸੇਨ ਦੀ ਗਾਇਕੀ ਤੋਂ ਰਾਣੀ ਬਹੁਤ ਪ੍ਰਭਾਵਿਤ ਹੋਈ। ਉਧਕੇ ਮ੍ਰਿਗ ਨੈਣੀ ਦੀ ਇਕ ਦਾਸੀ 'ਹੁਸੈਨੀ' ਦੀ ਸੁੰਦਰਤਾ ਅਤੇ ਸੰਗੀਤ ਤੋਂ ਤਾਨਸੇਨ ਬਹੁਤ ਪ੍ਰਭਾਵਿਤ ਹੋਏ। ਇਸ ਕਾਰਣ ਰਾਣੀ ਮ੍ਰਿਗਨੈਦੀ ਨੇ ਦੋਹਾਂ ਦੀ ਸ਼ਾਦੀ ਕਰਵਾ ਦਿੱਤੀ। ਹੁਸੈਨੀ ਦਾ ਅਸਲੀ ਨਾਂ ਰਾਜਕੁਮਾਰੀ ਸੀ। ਉਹਨਾਂ ਦੇ ਪਿਤਾ ਬ੍ਰਾਹਮਣ ਸੀ ਬਾਅਦ ਵਿਚ ਮੁਸਲਮਾਨ ਧਰਮ ਅਪਣਾ ਲਿਆ ਇਸੇ ਲਈ ਰਾਜਕੁਮਾਰੀਹੁਸੈਨੀ ਬ੍ਰਾਹਮਣੀ ਕਹਿਲਾਈ। ਸ਼ਾਦੀ ਤੋਂ ਬਾਅਦ ਤਾਨਸੇਨ ਅਤੇ ਹੁਸੈਨੀ ਬ੍ਰਾਹਮਣੀ ਵਾਪਿਸ ਵਰਿੰਦਾਵਨ ਸੁਆਮੀ ਹਰਿਦਾਸ ਜੀ ਕੋਲ ਆ ਗਏ। ਅਤੇ ਆਪਣੀ ਸੰਗੀਤ ਸਿੱਖਿਆ ਪੂਰੀ ਕਰਨ ਲੱਗੇ। ਤਾਨਸੇਨ ਦੇ ਚਾਰ ਪੁੱਤਰ ਹੋਏ- ਸੂਰਤਸੇਨ, ਸ਼ਰਤ ਸੇਨ, ਤਰੰਗ ਸੇਨ ਅਤੇ ਬਿਲਾਸ ਖਾਂ ਅਤੇ ਇਕ ਪੁੱਤਰੀ ਸਰਸਵਤੀ ਹੋਈ। ਪੁੱਤਰੀ ਸਰਸਵਤੀ ਦਾ ਵਿਆਹ ਮਸ਼ਹੂਰ ਵੀਣਾ ਵਾਦਕ 'ਮਿਸ਼ਰੀ ਸਿੰਘ' ਨਾਲ ਹੋਇਆ।

ਸੰਗੀਤ ਵਿਚ ਨਿਪੁੰਨਤਾ ਹਾਸਿਲ ਕਰਨ ਤੋਂ ਬਾਦ ਤਾਨਸੇਨ ਰੀਵਾ ਦੇ ਰਾਜਾ ਰਾਮਚੰਦਰ ਨੇ ਇਹਨਾਂ ਨੂੰ ਦਰਬਾਰੀ ਗਾਇਕ ਰੱਖ ਲਿਆ। ਮਹਾਰਾਜਾ ਰਾਮਚੰਦਰ ਅਤੇ ਬਾਦਸ਼ਾਹ ਅਕਬਰ ਵਿਚ ਬੜੀ ਗਹਿਰੀ ਦੋਸਤੀ ਸੀ। ਬਾਦਸ਼ਾਹ ਅਕਬਰ ਨੂੰ ਖੁਸ਼ ਕਰਨ

ਲਈ ਤਾਨਸੇਨ ਨੂੰ ਭੇਂਟ ਵਜੋਂ ਦੇ ਦਿੱਤਾ। ਅਕਬਰ ਤਾਨਸੇਨ ਨੂੰ ਲੈ ਕੇ ਬਹੁਤ ਪ੍ਰਸੰਨ ਹੋਏ ਅਤੇ ਆਪਣੇ ਨੌਰਤਨਾਂ ਵਿਚ ਸ਼ਾਮਿਲ ਕਰ ਲਿਆ ।ਅਕਬਰ ਦੇ ਦਰਬਾਰ ਵਿਚ ਹੀ ਤਾਨਸੇਨ ੇ ਅਨੇਕ ਸੰਗੀਤ ਚਮਤਕਾਰਾਂ ਬਾਰੇ੍ਹੁਤ ਸਾਰੇ ਲੇਖਕਾਂ ਨੇ ਲਿਖਿਆ ਹੈ ਜਿਵੇ ਕਿ ਭਿੰਨ ਭਿੰਨ ਰਾਗਾਂ ਦੇ ਪ੍ਰਭਾਵ ਨਾਲ ਪੱਥਰ ਪਿਘਲਾਉਣਾ, ਮੇਘ ਜਾਂ ਮੀਆਂ ਮਲਹਾਰ ਰਾਗ ਨਾਲ ਮੀਂਹ ਬਰਸਾਉਣਾ, ਦੀਪਕ ਰਾਗ ਨਾਲ ਦੀਪਕ ਜਲਾਉਣਾ ਆਦਿ ਅਨੇਕ ਕਥਾਵਾਂ ਪ੍ਰਚਲਿਤ ਹਨ।

ਤਾਨਸੇਨ ਨੇ ਅਨੇਕ ਰਾਗਾਂ ਦੀ ਰਚਨਾ ਕੀਤੀ ਜਿਵੇਂ ਚਰਬਾ-ਕਾਨੜਾ, ਮੀਆਂ ਦੀ ਸਾਰੰਗ, ਮੀਆਂ ਦੀ ਤੌੜੀ, ਮੀਆਂ ਮਲਹਾਰ ਆਦਿ।

1585 ਈ ਵਿਚ ਦਿੱਲੀ ਵਿਚ ਤਾਨਸੇਨ ਦਾ ਦੇਹਾਂਤ ਹੋ ਗਿਆ ਅਤ ਗਵਾਲੀਅਰ ਵਿਚ ਮੁਹੰਮਦ ਗੌਸ ਦੀ ਸਮਾਧੀ ਕੋਲ ਉਹਨਾਂ ਦੀ ਸਮਾਧੀ ਬਣਾਈ ਗਈ। ਬਾਦਸ਼ਾਹ ਨੇ ਸਮਾਧੀ ਉੱਤੇ ਇਕ ਛਤਰੀ ਜਿਹੀ ਬਣਵਾਈ ਹੈ ਜਿਹੜੀ ਅੱਜ ਵੀ ਉੱਥੇ ਹੈ। ਤਾਨਸੇਨ ਦੀ ਸਮਾਧੀ ਤੇ ਇਕ ਇਮਲੀ ਦਾ ਦਰਖਤ ਉੱਗਿਆ ਹੋਇਆ ਹੈ ਕਿਹਾ ਜਾਂਦਾ ਹੈ ਕਿ ਉਸ ਇਮਲੀ ਦੇ ਪੱਤੇ ਖਾ ਕੇ ਕੰਠ ਸਵਰ ਮਿੱਠਾ ਹੋ ਜਾਂਦਾ ਹੈ।

ਸੁਆਮੀ ਹਰੀਦਾਸ ਨੇ ਆਪਣੀ ਅੰਤਰ ਆਤਮਾ ਵਿਚ ਸੰਗੀਤ ਦੇਵੀ ਦਾ ਜਿਹੜਾ ਮੰਤਰ ਪ੍ਰੇਰਣਾ ਸਵਰੂਪ ਪਾਇਆ ਸੀ ਉਸ ਵਿਚ ਤਾਨਸੇਨ ਨੇ ਆਪਣੇ ਜਾਨ-ਪ੍ਰਾਣ ਪਾ ਕੇ ਸੰਸਾਰ ਦੇ ਸਾਹਮਣੇ ਆਇਆ।